
# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR

## ਜਨਮ-ਅਸਥਾਨ ਸ੍ਰੀ ਨਨਕਾਣਾ ਸਾਹਿਬ (ਪਾਕਿਸਤਾਨ)

ਦੰਸਬਰ ੧੯੭੫



Dec 1975

ਸਤਾਨ ਵਿਚ ਰਹਿ ਗਏ ਅੱਜ ਗੁਰ-ਧਾਮਾਂ ਦੇ
ਖੁਲ੍ਹੇ ਦਰਸ਼ਨ-ਦੀਦਾਰਿਆਂ ਲਈ ਸਿਖ-ਹਿਰਦੇ ਤੜਪ ਰਹੇ ਹਨ ।

www.AKJ.org

ਡੀ. ਪੀ. ਆਈ. ਜ਼ਾਬ ਵਲੋਂ ਚਿੱਠੀ ਨੰਬਰ ੩/੭੦-੬੮-੨੧ (ਮਿਤੀ-੧੭੧੦-੬੮ ਅ. ਪ.) ਅਨੁਸਾਰ 'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ।

# ਤਤਕਰਾ


| | | |
|---|---|---|
| ਅੰਦਰ ਕਿਨਾਰਸ਼ ਯਾਰ ਹਸਤ (ਫ਼ਾਰਸੀ ਗਜ਼ਲ) | ਭਾਈ ਸਾਹਿਬ ਨੰਦ ਲਾਲ ਜੀ | ੧ |
| ਅਕਾਲ ਪੁਰਖ ਦੀ ਤੱਤਲਖਤਾ | ਭਾਈ ਸਾਹਿਬ ਰਣਧੀਰ ਸਿੰਘ ਜੀ | ੨ |
| ਹਰ ਪਾਸੇ ਪ੍ਰਕਾਸ਼ ਉਸੇ ਦਾ (ਪੰਜਾਬੀ ਕਾਵਿ ਰੂਪ) | ਸ: ਵਿਧਾਤਾ ਸਿੰਘ ਜੀ ਤੀਰ | ੬ |
| ਖੇਡ ਖੇਡੀ ਜਗਤ ਦੀ ਝੂਠੀ (ਕਵਿਤਾ) | ਸ: ਸਾਧੂ ਸਿੰਘ ਜੀ ਸੂਫੀ | ੬ |
| ਨਰਕ ਸੁਰਗ (੧) | ਭਾਈ ਸਾਹਿਬ ਰਣਧੀਰ ਸਿੰਘ ਜੀ | ੭ |
| ਸਾਡਾ ਗੁਰੂ ਕੌਣ ਹੈ ? | ਗਿ: ਦੀਦਾਰ ਸਿੰਘ ਜੀ ਰੋਪੜ | ੧੨ |
| ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂ ਆਨ (ਕਵਿਤਾ) | ਗਿ: ਗੋਪਾਲ ਸਿੰਘ ਜੀ ਮਿਤਰ | ੧੫ |
| ਨੌਵੀਂ ਸਰਕਾਰ ਦਾ ਜਲਵਾ (ਕਵਿਤਾ) | ਸ: ਵਿਧਾਤਾ ਸਿੰਘ ਜੀ 'ਤੀਰ' | ੧੬ |
| ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਵਾਰਤਾ | ਗਿ: ਕੁੰਭੇਰ ਸਿੰਘ ਜੀ | ੧੭ |
| ਰੰਘਰੇਟੇ ਗੁਰੂ ਕੇ ਬੇਟੇ | ਪ੍ਰਿੰਸੀਪਲ ਸੁਜਾਨ ਸਿੰਘ ਜੀ | ੨੨ |
| ਗੁਰੂ ਗ੍ਰੰਥ ਜੀ ਮਾਨਿਉ ਪ੍ਰਗਟ ਗੁਰਾਂ ਕੀ ਦੇਹਿ | ਭਾਈ ਸਾਹਿਬ ਰਣਧੀਰ ਸਿੰਘ ਜੀ | ੩੧ |
| ਬੀਬੀ ਜ਼ਬੀਦਾ ਖ਼ਾਨਮ | ਸ: ਵਰਿਆਮ ਸਿੰਘ ਜੀ, ਦਿਲੀ | ੩੪ |
| ਪੰਜਾਬ ਦੀ ਧਰਤੀ ਤੇ ਹਰੀਮੰਦਰ | ਗਿ: ਗੁਰਬਚਨ ਸਿੰਘ ਜੀ, ਪਟਨਾ ਸਾਹਿਬ | ੩੬ |
| ਕੀਰਤਨ ਸਮਾਗਮ ਸਮੇਂ ਪੰਜ ਆਦਸਰਸ਼ਕ ਅਨੰਦ ਕਾਰਜ | 'ਸੂਰਾ' ਪਰਵਾਰ | ੩੮ |
| ਜ਼ੁਲਮ ਨਾਲ ਟੱਕਰ (ਕਵਿਤਾ) | ਸ: ਤਰਲੋਚਨ ਸਿੰਘ ਜੀ ਦਿਲੀ | ੩੯ |
| ਨਾਟਕਾਂ ਚੇਟਕਾਂ ਦੀ ਨਿਖੇਧੀ | ਸ਼੍ਰੋਮਣੀ ਕਮੇਟੀ | ੪੦ |


**ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੁਰਿਆਈ ਮਿਲੀ — ੫ ਦਸੰਬਰ**

**ਸ੍ਰੀ ਗੁਰੂ ਤੇਗ ਬਹਾਦਰ ਸਹਿਬ ਜੋਤੀ ਜੋਤਿ ਸਮਾਏ — ੭ ਦਸੰਬਰ**

## ਵਿਛੜੀ ਰੂਹ ਨਮਿਤ ਜਲੰਧਰ ਵਿਖੇ ਅਖੰਡ ਕੀਰਤਨ

ਸਤਿਕਾਰ ਯੋਗ ਮਾਸਟਰ ਸੁੰਦਰ ਸਿੰਘ ਜੀ ਦੀ ਲੜਕੀ ਬੀਬੀ ਕਰਤਾਰ ਕੌਰ ਸੁਪਤਨੀ ਸ: ਜਗਜੀਤ ਸਿਘ ਚੰਡੀਗੜ੍ਹ ੨੧ ਨਵੰਬਰ ੧੯੭੫ ਨੂੰ ਚਲਾਣਾ ਕਰ ਗਏ ਹਨ। ਬੀਬੀ ਜੀ ਭਾਈ ਸਾਹਿਬ ਜੀ ਦੇ ਸਮੇਂ ਤੋਂ ਕੀਰਤਨ-ਸਮਾਗਮਾਂ ਵਿਚ ਹਾਜ਼ਰੀ ਭਰਦੇ ਰਹੇ ਸਨ। ਬੀਬੀ ਜੀ ਨਮਿਤ ੨੮ ਦਸੰਬਰ ੧੯੭੫ ਐਤਵਾਰ ਨੂੰ ਮਾਸਟਰ ਜੀ ਦੇ ਗ੍ਰਿਹ ਮਹੱਲਾ ਗੁਰੂ ਨਾਨਕ ਪੁਰਾ ਜਲੰਧਰ ਵਿਖੇ ਅੰਮ੍ਰਿਤ ਵੇਲੇ ੪ ਵਜੇ ਤੋਂ ਅਖੰਡ ਕੀਰਤਨ ਹੋਣਗੇ। ਸਮੂੰਹ ਗੁਰੂ ਕੇ ਪਿਆਰੇ ਅਤੇਸੱਜਣ ਮਿੱਤਰ ਕੀਰਤਨ ਤੇ ਅਰਦਾਸ ਵਿਚ ਹਾਜ਼ਰੀਆਂ ਭਰ ਕੇ ਵਿਛੜੀ ਰੂਹ ਨੂੰ ਅਸੀਸੜੀਆਂ ਬਖ਼ਸ਼ੋ ਜੀ।

**ਨਵੇਂ ਸਾਲ ੧੯੭੬ ਦੀ ਜੰਤਰੀ ਸਾਰੇ ਪਾਠਕਾਂ ਨੂੰ ੩ ਦਸੰਬਰ ਨੂੰ ਡਾਕ ਰਾਹੀਂ ਭੇਜ ਰਹੇ ਹਾਂ।**

ਜੀਊਲ ਫ਼ਾਈਨ ਪ੍ਰਿੰਟਰਜ਼, ਹਾਥੀਖਾਨਾ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ।
ਟੈਲੀਫ਼ੋਨ ਨੰਬਰ 51847

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥




ਸਲਾਨਾ ਚੰਦਾ ੮-੦੦
ਇਕ ਪਰਚਾ ੦-੭੫

ਪਰਦੇਸ

ਸਮੁੰਦਰੀ ਡਾਕ ਇਕ ਪੌਂਡ
ਹਵਾਈ ਡਾਕ
ਮਲਾਇਆ ਆਦਿ ਦੋ ਪੌਂਡ
ਯੂ. ਕੇ. ਆਦਿ ਢਾਈ ਪੌਂਡ
ਅਮਰੀਕਾ, ਕੈਨੇਡਾ ੮ ਡਾਲ

ਐਡੀਟਰ
ਗਿ: ਜਸਵੰਤ ਸਿੰਘ
ਬੀ.ਏ., ਬੀ.ਟੀ.

ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੯ ਦਸੰਬਰ ੧੯੭੫ ਅੰਕ ੧2

# ਅੰਦਰ ਕਿਨਰਾਸ਼ ਯਾਰ ਹਸਤ

ਦਿਲ ਅਗਰ ਦਾਨਾ ਬਵਦ, ਅੰਦਰ ਕਿਨਾਰਸ਼ ਯਾਰ ਹਸਤ।
ਚਸ਼ਮ ਗਰ ਬੀਨਾ ਬਵਦ, ਦਰ ਹਰ ਤਰਫ਼ ਦੀਦਾਰ ਹਸਤ ॥੧॥
ਹਰ ਤਰਫ਼ ਦੀਦਾਰ ਅੱਮਾ, ਦੀਦਾ ਇ ਬੀਨਾ ਕੁਜਾਸਤ।
ਹਰ ਕੁਜਾ ਨੂਰ ਅਸਤ, ਹਰ ਸੂ ਸ਼ੋਲਾ-ਇ ਅਨਵਾਰ ਹਸਤ ॥੨॥
ਸਰ ਅਗਰ ਦਾਰੀ, ਬਰੌ, ਸਰ ਰਾ ਬਨਿਹ ਬਰ ਪਾਇ ਊ।
ਜਾਂ ਅਗਰ ਦਾਰੀ, ਨਿਸਾਰਸ਼ ਕੁਨ, ਅਗਰ ਦਰਕਾਰ ਹਸਤ ॥੩॥
ਦਸਤੇ ਗਰ ਦਾਰੀ, ਬਰੌ, ਦਾਮਾਨਿ ਜਾਨਾਂ ਰਾ ਬ-ਗੀਰ।
ਸੂਏ ਊ ਮੇ ਰੌ, ਅਗਰ ਪਾ ਰਾ ਸਰਿ ਰਫ਼ਤਾਰ ਹਸਤ ॥੪॥
ਹੋਸ਼ ਗਰ ਸ਼ਿਨਵਾ ਬਵਦ, ਜੁਜ਼ ਨਾਮਿ ਹੱਕ ਕੈ ਬਿਸ਼ਨਵਦ।
ਗਰ ਜ਼ਬਾਂ 'ਗੋਇਆ' ਬਵਦ, ਦਰ ਹਰ ਸੁਖ਼ਨ ਅਸਰਾਰ ਹਸਤ ॥੫॥
ਬ੍ਰਾਹਮਨ ਮੁਸ਼ਤਾਕਿ ਬੁੱਤ, ਜ਼ਾਹਦ ਫ਼ਿਦਾਏ ਖ਼ਾਨਕਾਹ।
ਹਰ ਕੁਜਾ ਜਾਮਿ ਮੁਹੱਬਤ, ਦੀਦਾ-ਅਮ ਸਰਸ਼ਾਰ ਹਸਤ ॥੬॥
ਬੇ-ਅਦਬ ਪਾ ਰਾ ਮਨਿਹ, ਮਨਸੂਰਵਸ਼, ਦਰ ਰਾਹਿ ਇਸ਼ਕ।
ਰਹ ਰਵੇ, ਈਂ ਰਾਹ ਰਾ, ਅੱਵਲ ਕ਼ਦਮ ਬਰ ਦਾਰ ਹਸਤ ॥੭॥
ਹਰ੍ਹ ਕਿ ਦਾਰੀ ਦਰ ਬਸਾਤਿ ਖ਼ੁਦ, ਨਸਾਰੇ ਯਾਰ ਕੁਨ।
ਗਰ ਤੁਰਾ ਮਾਨਿੰਦ 'ਗੋਇਆ' ਤਬਅ ਗੌਹਰ-ਬਾਰ ਹਸਤ ॥੮॥

ਪੰਜਾਬੀ ਉਲਥਾ ਵੇਖੋ ਸਫਾ ੬ ਤੇ] [ਭਾ: ਨੰਦ ਲਾਲ ਜੀ, ਗ਼ਜ਼ਲ ੬

ਚਿੱਠੀ ਪੱਤਰ ਤੇ ਰਕਮ ਭੇਜਣ ਲਈ :—
ਮੈਨੇਜਰ, 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ।

www.AKJ.Org

# ਅਕਾਲ ਪੁਰਖ ਦੀ ਤੱਤ ਲਖਤਾ

[ਵਲੋਂ:—ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਗੁਰਮਤਿ ਨਾਮ ਦੇ ਜਪੇ ਬਿਹੂਣ ਕਿਸੇ ਦੀ ਭੀ ਗਤਿ ਮੁਕਤਿ ਨਹੀਂ ਹੋ ਸਕਦੀ। ਪਿਛਲੇ ਜੁਗਾਂਤਰੀ ਜਨਮਾਂ ਦੇ ਅਨਮਤਿ ਅਵਲੰਬੀ ਜਪੀ ਤਪੀ ਜਤੀ ਜੋਗੀ ਸੰਨਿਆਸੀ ਰਿਖੀ ਮੁਨੀ ਤੱਤ ਕਲਿਆਣ ਮੁਕਤਿ ਨੂੰ ਪ੍ਰਾਪਤ ਨਹੀਂ ਹੋ ਸਕੇ, ਜੈਸਾ ਕਿ ਇਸ ਪ੍ਰਕਾਰ ਦੇ ਅਨੇਕਾਂ ਪ੍ਰਮਾਣ ਗੁਰਬਾਣੀ ਅੰਦਰ ਆਉਂਦੇ ਹਨ:—

"ਸਨਕ ਸਨੰਦ ਅੰਤੁ ਨਹੀ ਪਾਇਆ ॥
ਬੇਦ ਪੜੇ ਪੜਿ ਬ੍ਰਹਮੇ ਜਨਮੁ ਗਵਾਇਆ ॥"

ਇਸ ਦੇ ਮੁਕਾਬਲੇ ਵਿਚ ਜੋ ਗੁਰਬਾਣੀ ਅੰਦਰ ਇਸ ਪ੍ਰਕਾਰ ਦੇ ਵਾਕ ਆਉਂਦੇ ਹਨ:—

"ਗੁਰ ਕੈ ਸਬਦਿ ਤਰੇ ਮੁਨਿ ਕੇਤੇ ਇੰਦ੍ਰਾਦਿਕ ਬ੍ਰਹਮਾਦਿ ਤਰੇ ॥ ਸਨਕ ਸਨੰਦਨ ਤਪਸੀ ਜਨ ਕੇਤੇ ਗੁਰਪਰਸਾਦੀ ਪਾਰਿ ਪਰੇ ॥"

[ਰਾਗ ਭੈਰਉ ਮਹਲਾ ੧ ਘਰ ੨, ੧੧੨੫

ਇਨ੍ਹਾਂ ਪ੍ਰਮਾਣਾਂ ਤੋਂ ਸਾਫ਼ ਸਿਧ ਹੋਇਆ ਕਿ ਤਿਨ੍ਹਾਂ ਦਾ ਕਲਿਆਣ ਨਿਸਤਾਰਾ ਜਦ ਭੀ ਹੋਇਆ ਤਾਂ ਗੁਰਮਤਿ ਗੁਰਸ਼ਬਦ (ਗੁਰਮੰਤ੍ਰ) ਦੁਆਰਾ ਤੇ ਗੁਰਪ੍ਰਸਾਦੀ ਹੋਇਆ। ਸਤਿਗੁਰ ਨਾਨਕ ਦੀ ਸਰਣੀ ਆ ਕੇ ਹੀ ਛੁਟਕਾਰਾ ਹੋਇਆ। ਉਦੋਂ ਤਕ ਉਹ ਜੁਗੋ ਜੁਗ ਜਨਮ ਧਾਰਦੇ ਹੀ ਰਹੇ। ਗੁਰ ਸਰਨੀ ਆ ਕੇ ਹੀ ਤਿਨ੍ਹਾਂ ਦੀ ਗਤਿ ਮੁਕਤਿ ਤੱਤ ਕਲਿਆਣ ਹੋਈ, ਸਤਿਗੁਰੂ ਦੇ ਗ੍ਰਿਹਿ ਵਿਖੇ ਆ ਕੇ ਜਨਮ ਲੈਣ ਕਰਿ ਹੀ ਉਹਨਾਂ ਦਾ ਆਵਾਗਵਨ ਮਿਟਿਆ, ਜੈਸੇ ਕਿ ਭਿਖਾ ਭੱਟ ਬ੍ਰਹਮਾ ਜੀ ਦੇ ਔਤਾਰ ਹੋ ਕੇ ਜਦੋਂ ਗੁਰੂ-ਘਰ ਗੁਰ-ਸੰਗਤਾਂ ਵਿਚ ਜਨਮ ਧਾਰ ਕੇ ਗੁਰ-ਦੀਖਤ ਹੋਏ ਤਾਂ ਉਹਨਾਂ ਦੀ ਕਲਿਆਣ ਹੋਈ। ਭਿਖਾ ਜੀ ਦੀ ਆਪਣੇ ਮੁਖੋਂ ਹੀ ਗੁਰੂ-ਕਲਾ ਕ੍ਰਿਸ਼ਮਤਾ ਦੁਆਰਾ ਉਚਰੀ ਹੋਈ ਬਾਣੀ ਹੀ ਇਸ ਗੱਲ ਦੀ ਸਾਖਾ ਭਰਦੀ ਹੈ:

ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥ ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ॥ ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ ॥ ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ ॥ ਹਰਿ ਨਾਮੁ ਛੋਡਿ ਦੂਜੈ ਲਗੇ ਤਿਨ ਕੇ ਗੁਣ ਹਉ ਕਿਆ ਕਹਉ ॥ ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂੰ ਰਖਹਿ ਤਿਵ ਰਹਉ ॥੨॥੨੦॥ [ਸਵਯੇ ਮਹਲੇ ੩ ਕੇ, ੧੩੯੫

ਕਲਿਜੁਗ ਵਿਚ ਸਭ ਜੀਆਂ ਦਾ ਉਧਾਰ ਸਤਿਗੁਰ ਨਾਨਕ ਦੇਵ ਜੀ ਦੇ ਘਰ ਗੁਰਸਿਖੀ ਮੰਡਲ ਵਿਚ ਆ ਕੇ ਹੀ ਹੋਣਾ ਹੈ। ਪਿਛਲੇ ਜੁਗਾਂ ਤੋਂ ਲੈ ਕੇ ਜੋ ਆਵਾਗਉਣ ਦੇ ਗੇੜ ਵਿਚ ਭਰਮਦੇ ਹੁਣ ਤਕ ਸਿਧ, ਮੁਨੀ, ਜਪੀ, ਤਪੀ ਆਦਿ ਫਿਰ ਰਹੇ ਹਨ ਤੇ ਆਮ ਸੰਸਾਰੀ ਜੀਵ, ਸਭ ਦਾ ਉਧਾਰ ਨਿਸਤਾਰਾ ਗੁਰਸਿਖ ਬਣ ਕੇ ਤੇ ਗੁਰਮਤਿ ਨਾਮ ਦੇ ਅਭਿਆਸੀ ਹੋ ਕੇ ਹੀ ਹੋਣਾ ਹੈ, ਜਿਹਾ ਕਿ ਗੁਰੂ ਸਾਹਿਬ ਦਾ ਹੁਕਮ ਹੈ—

ਪੂਰਾ ਥਾਟੁ ਬਣਾਇਆ ਪੂਰੈ ਵੇਖਹੁ ਏਕ ਸਮਾਨਾ ॥ ਇਸੁ ਪਰਪੰਚ ਮਹਿ ਸਾਚੇ ਨਾਮ ਕੀ ਵਡਿਆਈ ਮਤੁ ਕੋ ਧਰਹੁ ਗੁਮਾਨਾ ॥੧॥ ਸਤਿਗੁਰ ਕੀ ਜਿਸ ਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ ॥ ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ ॥੧॥ ਰਹਾਉ ॥ **ਚਹੁ ਜੁਗਾ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ** ॥ ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ ਕਲਿ ਮਹਿ ਕੀਰਤਿ ਹਰਿਨਾਮਾ ॥੨॥ ਜੁਗਿ ਜੁਗਿ ਆਪੋ ਆਪਣਾ ਧਰਮੁ ਹੈ ਸੋਧਿ ਦੇਖਹੁ ਬੇਦ ਪੁਰਾਨਾ ॥ ਗੁਰਮੁਖਿ ਜਿਨੀ ਧਿਆਇਆ ਹਰਿ ਹਰਿ ਜਗਿ ਤੇ ਪੂਰੇ ਪਰਵਾਨਾ ॥੩॥ ਕਹਤੁ ਨਾਨਕੁ ਸਚੇ ਸਿਉ ਪ੍ਰੀਤਿ ਲਾਏ ਚੂਕੈ ਮਨਿ ਅਭਿਮਾਨਾ ॥ ਕਹਤ ਸੁਣਤ ਸਭੇ ਸੁਖ ਪਾਵਹਿ ਮਾਨਤ ਪਾਹਿ ਨਿਧਾਨਾ ॥੪॥੪॥

[ਬਿਲਾਵਲ ਮਹਲਾ ੩, ਪੰਨਾ ੭੯੭

**ਉਧਾਰ ਨਿਸਤਾਰੇ ਦੀ ਸਬੀਲ ਤੇ ਜ਼ਿਰੀਆ—**

ਸਤਿਗੁਰੂ ਨਾਨਕ ਸਾਹਿਬ ਦੀ ਜਗਤ-ਤਾਰਕ

www.AKJ.Org

ਜਗਤ-ਸੁਧਾਰਕ ਯਾਤਰਾ ਦੀ ਲੀਲ੍ਹਾ ਭੀ ਬੜੀ ਬਚਿਤ੍ਰ ਹੈ। ਸਤਿਗੁਰ ਨਾਨਕ ਦੇਵ ਜੀ ਦੇ ਜੀਵਾਂ ਨੂੰ ਨਿਸਤਾਰਨ, ਉਭਾਰਨ ਤੇ ਕਲਿਆਣ ਕਰਨ ਦੇ ਹੀਲੇ ਭੀ ਅਤੀ ਚੋਜ ਚੁਈਲੇ ਤੇ ਗੁਰਮਤਿ ਵਿਸ਼ੇਸ਼ ਮਰਯਾਦਾ ਮਰਯਾਦੀਲੇ ਹਨ, ਕੋਈ ਬੰਨ੍ਹੀ-ਰੁੰਨ੍ਹੀ ਰਸਮ ਡਰੰਨੀ ਮਰਯਾਦਾ ਗੁਰੂ ਕਲਾ ਉਧਾਰਨੀ ਰਹਿਮਤ ਵਿਚ ਕਰਾਰ ਦਾਦ ਨਹੀਂ। ਨਾਨਾ ਪ੍ਰਕਾਰੀ ਗੁਰ-ਰਹਿਮਤੀ ਮੌਜਾਂ ਵਿਚ ਅਨਿਕ ਤਰੰਗੀ ਕਰਣਾ-ਰਸੀ ਨਿਰੰਜਨੀ ਮੌਜਾਂ ਵਿਚ ਜਿਵੇਂ ਜਿਵੇਂ ਸਤਿਗੁਰੂ ਗੁਰੂ ਅਵਤਾਰਾਂ ਨੂੰ ਭਾਇਆ ਤਿਵੇਂ ਤਿਵੇਂ ਨਾਨਾ ਪ੍ਰਕਾਰੀ ਜੀਵਾਂ ਦੀ ਕਲਿਆਣ ਗਤੀ ਦੇ ਸੌਂਜ ਸਾਜੇ। ਜਿਸ ਪ੍ਰਕਾਰ ਭੀ ਜਿਸ ਜਿਸ ਕਰਮ-ਗਤੀ ਲਿਖਤਕਾਰ ਦੁਆਰਾ ਜਿਸ ਜਿਸ ਪ੍ਰਾਣੀ ਦਾ ਉਧਾਰ ਹੋਣਾ ਗੁਰੂ ਅੰਤਰਯਾਮੀ ਨੂੰ ਦਿੱਬ-ਦ੍ਰਿਸ਼ਟਾਰ ਹੋਇਆ, ਤਿਵੇਂ ਤਿਵੇਂ ਹੀ ਗੁਰੂ ਬਿਧਾਤਾ ਨੇ ਤਿਨ੍ਹਾਂ ਦਾ ਪਾਰ-ਉਤਾਰਾ ਕਰ ਦਿੱਤਾ। ਪਾਰ-ਉਤਾਰੇ ਦਾ ਜੋ ਦੁਆਰਾ ਲਿਖਤਕਾਤਾ ਸਤਿਗੁਰੂ ਨੂੰ ਆਸ਼ਕਾਰਾ ਹੋਇਆ, ਸੋਈ ਸਬੀਲ (ਦੁਆਰਾ) ਸਤਿਗੁਰਾਂ ਨੇ ਵਰਤਾਇਆ। ਤ੍ਰੈਕਾਲ-ਦਰਸੀ ਗੁਰੂ-ਅਵਤਾਰਾਂ ਨੂੰ ਜਿਸ ਜਿਸ ਪ੍ਰਾਣੀ ਦੀ ਜਿਸ ਅਧਿਕਾਰਤਾ ਦੁਆਰਾ ਸਦਗਤੀ ਹੋਣ ਦੀ ਦਿਬ-ਲਖਤਾ ਸਾਮ੍ਹਣੇ ਹੋਈ, ਤਿਸੁ ਤਿਸੁ ਪ੍ਰਕਾਰ ਤਿਸੁ ਤਿਸੁ ਪ੍ਰਾਣੀ ਦੇ ਉਧਾਰ-ਨਿਸਤਾਰੇ ਦਾ ਤ੍ਰੀਕਾ (ਦੁਆਰਾ—ਜ਼ਿਰੀਆ) ਵਰਤਿਆ ਅਤੇ ਤੱਤ-ਕਾਲ ਹੀ ਕਰਣਾ ਰਸ ਵਿਚ ਢਰ ਕੇ "ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥ ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ" ਵਾਲਾ ਵਰਤਾਰਾ ਵਰਤਿਆ। ਜਿਸ ਜਿਸ ਬਿਧ ਭੀ ਜਿਸ ਕਿਸੇ ਦਾ ਉਧਾਰ ਹੁੰਦਾ ਨਿਜ-ਗੁਰਮਤਿ ਅਨਕੂਲ ਜਾਤਾ ਤਿਸੇ ਬਿਧਿ ਹੀ ਉਸ ਨੂੰ ਉਭਾਰ ਲਿਆ। ਇਸ ਉਭਾਰਨ ਉਧਾਰਨ ਹਿਤ ਗੁਰੂ ਸਾਹਿਬ ਖ਼ੁਦ ਚਲ ਚਲ ਕੇ ਉਥੇ ਉਥੇ ਜਾਂਦੇ ਰਹੇ ਜਿਥੇ ਜਿਥੇ ਕਿ ਅਧਿਕਾਰੀ ਉਧਾਰ-ਅਧਿਕਾਰੀ ਜੀਵਾਂ ਨੇ ਗੁਰਾਂ ਦੀ ਕਿਰਪਾ ਕਟਾਖ਼ਸ਼ ਦੁਆਰਾ ਵਰੋਸਾਉਣਾ ਸੀ। ਮਰ ਜਾਣੇ ਮਰਦਾਨੇ ਨੂੰ, ਮਰਾਸੀਆਂ ਦੇ ਘਰੋਂ ਮੰਗ ਕੇ ਸਦੀਵ ਲਈ ਆਪਣੇ ਸੰਗ ਸਾਥ ਰਖ ਕੇ ਅਪਣਾਇਆ। ਅਨੇਕ ਵਾਰ ਉਸ ਨੂੰ ਚੋਜ-ਚਲਤੀ ਕਉਤਕਾਂ ਦੁਆਰਾ ਭਰਮਾਇਆ, ਸੀਝਾਇਆ। ਓੜਕ ਲਗਾਤਾਰੀ ਸਬਦ-ਸੰਕੀਰਤਨੀ ਦਾਤਾਂ ਦੀਆਂ ਭੰਡਾਰ-ਨਿਛਾਵਰੀ-ਬਰਕਤਾਂ ਦੇ ਪਾਰਸ ਪਰਭਾਵੀ ਅਕਲ ਕਲਾ ਦੇ ਤੁਫ਼ੈਲ ਸਦ-ਗਤੀ ਨੂੰ ਪੁਚਾਇ ਦਿੱਤਾ। ਇਕਨਾਂ ਨੂੰ ਆਪਣੇ ਨਿਕਟ ਬੁਲਾਇ ਬੁਲਾਇ, ਇਕਨਾਂ ਦੇ ਆਪਣੇ ਘਰੀਂ, ਮੰਜ਼ਲੀਂ, ਮੰਡਲ-ਅਸਥਾਨੀਂ, ਊਚ ਅਗੰਮ ਗਗਨ ਮੰਡਲੀਂ ਜਾਇ ਜਾਇ, ਆਪਣੀ ਪਾਰਸ ਸੁਪਰਸਤਾ ਦੁਆਰਾ ਨਿਸਤਾਰਿਆ। ਕਿਸੇ ਨੂੰ ਚਰਨ ਛੁਹਾ ਕੇ ਹੀ ਪਾਰ ਉਤਾਰਿਆ, ਕਿਸੇ ਨੂੰ ਜੋਤਿ-ਝਲਕਾਰੀ-ਦਰਸ਼ਨਾਂ ਦਾ ਨਦਰ-ਕਟਾਰਾ ਫੇਰ ਕੇ ਕ੍ਰਿਤ ਕ੍ਰਿਤ ਕਰ ਦਿੱਤਾ। ਕਿਸੇ ਦਾ ਗੁਰ-ਗ੍ਰਿਹਿ ਵਿਖੇ ਜਨਮਾਇ ਕੇ ਗਵਨ ਮਿਟਾਇ ਦਿੱਤਾ, ਕਿਸੇ ਦਾ ਛਿਨ ਮਾਤ੍ਰ ਵਿੱਚ ਹੀ ਚਉਰਾਸੀ ਦਾ ਗੇੜ ਮੁਕਾਇ ਦਿੱਤਾ। ਆਪਣਿਆਂ ਬੇਗਾਨਿਆਂ ਦਾ ਭੀ ਕੋਈ ਤਫ਼ੱਰਕ ਨਹੀਂ ਰਖਿਆ। ਕਿਸੇ ਨੂੰ ਬੀਰ ਬਣਾ ਕੇ, ਕਿਸੇ ਨੂੰ ਤੀਰ ਵਾਹਿ ਕੇ, ਕਿਸੇ ਨੂੰ ਸਬਦ-ਸਾਣ ਚੜ੍ਹਾਇ ਕੇ, ਜਿਵੇਂ ਕਿਵੇਂ ਭੀ ਹੋ ਸਕਿਆ ਅਤੇ ਉਚਿਤ ਪੇਖਿਆ, ਤਿਵੇਂ ਤਿਵੇਂ ਹੀ ਤਿਸ ਦਾ ਹੁਕਮ-ਸੱਤੀ ਕਲਿਆਣ-ਕਰੰਮਤੀ ਬੋਲ-ਬਾਲਾ ਕਰ ਦਿੱਤਾ। ਇਹੋ ਤਾਂ ਸਤਿਗੁਰੂ ਲੀਲ੍ਹਾ-ਧਾਰੀ ਦੀਆਂ, ਜੀਆ-ਜੰਤ ਉਧਾਰੀ, ਬਚਿਤ੍ਰ ਪਵਿਤ੍ਰ ਪੁਨੀਤ ਉੱਚ-ਪ੍ਰੀਤ-ਗੀਤਾਂ ਹਨ। ਕਿਤੇ ਕਿਤੇ ਅਨੇਕਾਂ ਥਾਵੀਂ ਇਹ ਨਿਯਮ ਭੀ ਬੰਧੇਜ ਵਿਚ ਨਹੀਂ ਰਖਿਆ ਕਿ ਮਨੁੱਖਾ-ਜਨਮ ਵਿਚ ਹੀ ਨਿਸਤਾਰਾ ਕਰਨਾ ਹੈ। ਕਈ ਜੀਵਾਂ ਦਾ ਸਰਪ ਜੋਨੀ ਵਿਚ ਹੀ ਚੁਰਾਸੀ ਤੋਂ ਛੁਟਕਾਰਾ ਦੇ ਦਿੱਤਾ। ਕਿਤੇ ਚਿੜੀਆਂ ਤੋਂ ਬਾਜ ਤੁੜਾਇ ਕੇ, ਕਿਤੇ ਬਾਜਾਂ ਨੂੰ ਬਾਜ-ਧਾਮੇ ਖਵਾਇ ਕੇ ਸਦਗਤੀ ਨੂੰ ਜਾਇ ਪ੍ਰਾਪਤ ਕੀਤਾ। ਅਗਾਧ ਗਤੀ ਹੈ ਸਤਿਗੁਰੂ ਦੇ ਜੀਅ ਉਧਾਰਨ, ਨਿਸਤਾਰਨ ਵਾਲੀ ਅਕੱਥ ਕਥਾ ਦੀ। ਸੋ ਸਤਿਗੁਰੂ ਨੂੰ ਜਿਵੇਂ ਭੀ ਸੁਝਿਆ ਜੀਵਾਂ ਦੇ ਉਧਾਰ ਦਾ ਦੁਆਰਾ-ਸਬੀਲ-ਗੋਸ਼ਵਾਰਾ, ਤਿਵੇਂ ਹੀ ਬਣਤ ਬਣ ਗਈ ਜੀਵਾਂ ਦੇ ਉਧਾਰ ਨਿਸ-ਤਾਰੇ ਦੀ। ਹਾਂ ਜੀ!

**ਹੋਰ ਦੁਆਰਾ ਕੋਇ ਨਾ ਸੂਝੈ ॥** ਤ੍ਰਿਭਵਣ ਧਾਵੈ ਤਾ ਕਿਛੂ ਨ ਬੂਝੈ ॥ ਸਤਿਗੁਰੁ ਸਾਹੁ ਭੰਡਾਰੁ ਨਾਮ ਜਿਸੁ ਇਹੁ ਰਤਨੁ ਤਿਸੈ ਤੇ ਪਾਇਣਾ ॥੪॥ ਜਾ ਕੀ ਧੂਰਿ ਕਰੇ ਪੁਨੀਤਾ ॥ ਸੁਰਿ ਨਰ ਦੇਵ ਨ ਪਾਵਹਿ ਮੀਤਾ ॥ ਸਤਿ



www.AKJ.Org

ਪੁਰਖੁ ਸਤਿਗੁਰੁ ਪਰਮੇਸਰੁ ਜਿਸੁ ਭੇਟਤ ਪਾਰਿ ਪਰਾਇਣਾ॥ ਪਾਰਜਾਤੁ ਲੋੜਹਿ ਮਨ ਪਿਆਰੇ॥ ਕਾਮਧੇਨੁ ਸੋਹੀ ਦਰਬਾਰੇ ॥ ਤ੍ਰਿਪਤਿ ਸੰਤੋਖੁ ਸੇਵਾ ਗੁਰ ਪੂਰੇ ਨਾਮੁ ਕਮਾਇ ਰਸਾਇਣਾ॥੬॥ ਗੁਰ ਕੈ ਸਬਦਿ ਮਰਹਿ ਪੰਚ ਧਾਤੂ ॥ ਭੈ ਪਾਰਬ੍ਰਹਮ ਹੋਵਹਿ ਨਿਰਮਲਾ ਤੂ ॥ ਪਾਰਸੁ ਜਬ ਭੇਟੈ ਗੁਰੁ ਪੂਰਾ ਤਾ ਪਾਰਸੁ ਪਰਸਿ ਦਿਖਾਇਣਾ ॥੭॥ ਕਈ ਬੈਕੁੰਠ ਨਾਹੀ ਲਵੈ ਲਾਗੇ ॥ ਮੁਕਤਿ ਬਪੁੜੀ ਭੀ ਗਿਆਨੀ ਤਿਆਗੇ ॥ ਏਕੰਕਾਰੁ ਸਤਿਗੁਰ ਤੇ ਪਾਈਐ ਹਉ ਬਲਿ ਬਲਿ ਗੁਰ ਦਰਸਾਇਣਾ ॥੮॥ ਗੁਰ ਕੀ ਸੇਵ ਨ ਜਾਣੈ ਕੋਈ ॥ ਗੁਰੁ ਪਾਰਬ੍ਰਹਮੁ ਅਗੋਚਰੁ ਸੋਈ ॥ ਜਿਸ ਨੋ ਲਾਇ ਲਏ ਸੋ ਸੇਵਕੁ ਜਿਸੁ ਵਡਭਾਗ ਮਥਾਇਣਾ ॥੯॥ ਗੁਰ ਕੀ ਮਹਿਮਾ ਬੇਦ ਨ ਜਾਣਹਿ ॥ ਤੁਛ ਮਾਤ ਸੁਣਿ ਸੁਣਿ ਵਖਾਣਹਿ ॥ ਪਾਰਬ੍ਰਹਮ ਅਪਰੰਪਰ ਸਤਿਗੁਰ ਜਿਸੁ ਸਿਮਰਤ ਮਨੁ ਸੀਤਲਾਇਣਾ ॥੧੦॥ ਜਾ ਕੀ ਸੋਇ ਸੁਣੀ ਮਨੁ ਜੀਵੈ ॥ ਰਿਦੈ ਵਸੈ ਤਾ ਠੰਢਾ ਥੀਵੈ ॥ ਗੁਰ ਮੁਖਹੁ ਅਲਾਏ ਤਾ ਸੋਭਾ ਪਾਏ ਤਿਸੁ ਜਮ ਕੈ ਪੰਥ ਨ ਪਾਇਣਾ ॥੧੧॥ [ਮਾਰੂ ਮਹਲਾ ੫

ਦੇ ਗੁਰਵਾਕ ਅਨੁਸਾਰ ਜੀਵਾਂ ਦੀ ਉਧਾਰ-ਕਲਿਆਣ ਦਾ ਹੋਰ ਕੋਈ ਬਸੀਠ-ਦੁਆਰਾ ਨਹੀਂ, ਪਰ ਸਤਿਗੁਰੂ ਦੁਆਰੇ-ਜ਼ਿਰੀਏ ਹੋਇ ਕੇ ਸਾਹਿਬ ਸੰਮ੍ਹਾਲਣ ਦੇ ਨਾਨਾ ਬਿਧੀ ਦੁਆਰੇ-ਤ੍ਰੀਕੇ ਭੀ ਹਨ। ਜੋ ਅਗਿਆਨ ਭੁਲੇ ਲੋਗ "ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ" ਦੇ ਅਰਥ ਇਹ ਕਰਦੇ ਹਨ ਕਿ ਕਿਸੇ ਦੁਆਰਿਓਂ, ਕਿਸੇ ਮਤ-ਮਤਾਂਤਰੀ ਦੀਖਿਆ ਰੂਪੀ ਦੁਆਰਿਓਂ ਕਿਸੇ ਪ੍ਰਾਣੀ ਦਾ ਉਭਾਰਉਧਾਰ ਹੋਵੇ, ਤਿਥੇ ਹੀ ਉਧਾਰ ਕਰਾ ਲੈਣਾ ਚਾਹੀਦਾ ਹੈ, ਇਹ ਉਹਨਾਂ ਦੀ ਗ਼ਲਤ-ਫ਼ਹਿਮੀ ਹੈ। ਕਲਿਆਣ ਦਾ ਦੁਆਰਾ ਬਸ ਇਕ ਸਤਿਗੁਰੂ ਦਾ ਦੁਆਰਾ ਹੀ ਹੈ, ਜਗਤ-ਜਲੰਦੇ ਨੂੰ ਰਖ ਲੈਣ ਦਾ ਉਭਰਨ ਉਭਾਰਨ, ਜਗ ਉਧਰਨ ਉਧਾਰਨ ਜੋਗ ਦੁਆਰਾ ਹੈ ਤਾਂ ਬਸ ਇਕੋ ਗੁਰੂ ਦਾ ਦੁਆਰਾ ਹੈ, ਪਰ ਇਸ ਦੁਆਰੇ, ਇਸ ਇਕੋ ਗੁਰੂ ਦੰਗ-ਦੁਆਲ ਦੁਆਰੇ ਦੇ ਨਿਜ-ਸਕੀਮੇ ਦੁਆਰੋ ਅੰਦਰ ਅਨੇਕ ਤੇ ਨਾਨਾ ਬਚਿਤ੍ਰੇਕ ਹਨ। ਧੰਨ ਗੁਰੂ ਨਾਨਕ ਨਿਰੰਕਾਰੀ, ਧੰਨ ਗੁਰੂ ਨਾਨਕ ਅਵਤਾਰੀ, ਧੰਨ ਗੁਰੂ ਨਾਨਕ ਦਸਮੇਸ਼ ਕਲਾਧਾਰੀ, ਧੰਨ, ਧੰਨ, ਧੰਨ, ਧੰਨ, ਧੰਨ।

ਜੋ ਜੁਗ-ਜੁਗਾਂਤਰੀ ਭਗਤ ਅਵਤਾਰ ਭੀ ਹੋਏ, ਚਾਹੇ ਉਹਨਾਂ ਦਾ ਉਦੋਂ ਉਨ੍ਹਾਂ ਜੁਗਾਂ ਅੰਦਰ ਅਨਿਕ ਬਾਰ ਉਧਾਰ-ਨਿਸਤਾਰਾ ਹੋਇਆ ਅਤੇ ਏਨ੍ਹਾਂ ਭਗਤ-ਅਵਤਾਰਾਂ ਦੁਆਰਾ ਸ੍ਰੀ ਅਕਾਲ ਪੁਰਖ ਆਪਣੇ ਚਮਤਕਾਰੀ ਚੋਜ ਪਰਜੁੱਲਤ ਕਰਦੇ ਰਹੇ, ਪ੍ਰੰਤੂ ਕਿੰਚਤ ਚੋਜ ਚਮਤਕਾਰੀ ਨਿਸਤਾਰਿਆਂ ਦੀ ਨਿਰਭਰਤਾ ਉਤੇ ਹੀ ਸੰਤੁਸ਼ਟ ਨ ਰਹਿੰਦੇ ਹੋਏ ਪੂਰਬ ਜੁਗ-ਜਨਮਾਂ ਦੇ ਭਗਤ-ਜਨਾਂ ਨੇ ਅਵੱਸ਼ ਗੁਰੂ-ਗ੍ਰਿਹਿ ਵਿਖੇ ਹੀ ਉਤਰ ਕੇ (ਜਨਮ ਲੈ ਕੇ) ਆਪਣੀ, ਗੁਰਮਤਿ ਆਦ੍ਰਸ਼ੀ ਤੱਤ-ਕਲਿਆਣ ਪ੍ਰਾਪਤ ਕੀਤੀ। ਏਸੇ ਪ੍ਰਕਾਰ ਜਨਕ ਜੀ ਨੇ ਭੀ ਗੁਰਮੁਖ ਗੁਰ-ਦੀਖਿਆ ਦੁਆਰਾ ਹੀ ਪਰਮ ਪਦ ਪਾਇਆ। ਵਸ਼ਿਸ਼ਟ ਜੀ ਭਾਵੇਂ ਸ੍ਰੀ ਰਾਮ ਚੰਦ੍ਰ ਜੀ ਦੇ ਸਮੇਂ ਲੋਕਾਚਾਰ ਜਗਤ-ਗੁਰੂ ਬਣੇ, ਪ੍ਰੰਤੂ ਉਨ੍ਹਾਂ ਦੀ ਕਲਿਆਣ ਜਦ ਹੋਈ, ਗੁਰਮੁਖਿ ਗੁਰਦੀਖਿਆ ਦੁਆਰਾ ਹੀ ਹੋਈ, ਜੈਸੇ ਕਿ ਗੁਰਵਾਕ ਹੈ :—

> ਗੁਰਮੁਖਿ ਪ੍ਰਹਿਲਾਦਿ ਜਪਿ ਹਰਿ ਗਤਿ ਪਾਈ ॥ ਗੁਰਮੁਖਿ ਜਨਕਿ ਹਰਿ ਨਾਮਿ ਲਿਵ ਲਾਈ ॥ ਗੁਰਮੁਖਿ ਬਸਿਸਟਿ ਹਰਿ ਉਪਦੇਸੁ ਸੁਣਾਈ ॥ **ਬਿਨੁ ਗੁਰ ਹਰਿ ਨਾਮੁ ਨ ਕਿਨੈ ਪਾਇਆ ਮੇਰੇ ਭਾਈ** ॥ ਗੁਰਮੁਖਿ ਹਰਿ ਭਗਤਿ ਹਰਿ ਆਪਿ ਲਹਾਈ ॥੧੩॥
>
> [ਵਡਹੰਸ ਕੀ ਵਾਰ ਮਹਲਾ ੪, ਪੰਨਾ ੫੯੧

ਗੁਰਮੁਖਿ ਪਦ ਦਾ ਭਾਵ-ਅਰਥ ਏਸ ਉਪਰਲੇ ਗੁਰਵਾਕ ਅੰਦਰ 'ਗੁਰ-ਉਪਦੇਸ਼' ਦੁਆਰਾ ਅਰਥਾਤ 'ਗੁਰ-ਸ਼ਬਦ' ਦਾ ਹੈ। ਤਾਤਪਰਜ ਇਹ ਕਿ ਉਪਰਲੇ ਗੁਰਵਾਕ ਵਿਚ ਦਰਸਾਏ ਭਗਤ ਪ੍ਰਹਿਲਾਦ, ਜਨਕ, ਵਿਸ਼ਿਸ਼ਟ, ਆਦਿ ਜਦ ਤਰੇ ਤਾਂ ਗੁਰ ਪ੍ਰਸਾਦੀ ਹੀ ਪਾਰ ਪਰੇ। ਗੁਰ-ਦੀਖਿਆ (ਗੁਰਮਤਿ ਨਾਮ) ਦੁਆਰਾ ਹੀ ਇਨ੍ਹਾਂ ਦਾ ਤੱਤ-ਨਿਸਤਾਰਾ ਹੋਇਆ। ਗੁਰਮੁਖਿ ਗੁਰੂ ਪਰਮ ਗੁਰੂ ਪਦ ਦੀ ਗੁਰੱਤਤਾ ਦਾ ਬੀਜ ਅੰਸ ਧੁਰ ਅਕਾਲ ਪੁਰਖ ਦੀ ਨਿਜ ਹਸਤੀ ਵਿਚ ਹੀ ਵਿਦਮਾਨ ਹੈ। ਜਦੋਂ ਗੁਰੂ ਅਕਾਲ ਪੁਰਖ ਨੂੰ ਮਨਜ਼ੂਰ ਹੋਵੇ ਤਦੋਂ



www.AKJ.Org

ਹੀ ਇਮ ਗੁਰੱਤਤਾ ਨੂੰ ਬਿਸਥਾਰਤ ਕਰ ਸਕਦੇ ਹਨ। ਕਦੇ ਚੋਜ-ਚਮਤਕਾਰੀ ਚੁੰਭਕਾਂ ਦੁਆਰਾ ਵਿਰਲੀ ਵਿਰਲੀ ਥਾਈਂ ਪੈਜ ਪਰਤੱਗਿਆ ਬਿਸਥੀਰਨ ਕਰਨ ਲਈ, ਜੈਸੇ :—

"ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ
ਰਖਦਾ ਆਇਆ ਰਾਮ ਰਾਜੇ ॥"

ਵਾਲੇ ਗੁਰਵਾਕ ਦੀ ਅਰਥ ਵਿਵਸਥਾ ਤੋਂ ਜ਼ਾਹਿਰ ਹੈ। ਭਗਤ ਅਵਤਾਰੀ ਚੋਜ ਚਮਤਕਾਰ ਕੇਵਲ ਭਗਤ ਜਨਾਂ ਦਾ ਉਧਾਰ ਕਰਨ ਨਮਿਤ ਹੀ ਗੁਰੂ ਅਕਾਲ ਪੁਰਖ ਦੀ ਕਲਾ-ਕਰਿਸ਼ਮਤਾ ਦੁਆਰਾ ਨਿਰੂਪਨ ਹੋਏ, ਮਜਮੂਈ ਤੌਰ ਤੇ ਸ੍ਰਿਸ਼ਟੀ ਮਾਤਰ ਦਾ ਉਧਾਰ ਕਰਨ ਨਮਿਤ ਗੁਰੂ ਅਕਾਲ ਪੁਰਖ ਨੇ ਆਪਣੀ ਪਰਮ ਗੁਰੱਤਤਾ ਵਾਲੀ ਦਿਬ-ਜੋਤੀ-ਅੰਸ਼ ਨੂੰ ਕੇਵਲ ਇਸ ਕਲਿਜੁਗ ਵਿਖੇ ਹੀ ਦਸਾਂ ਗੁਰ-ਜਾਮਿਆਂ ਅੰਦਰ ਪੂਰਨ ਪ੍ਰਕਾਸ਼ ਪ੍ਰਗਾਸ ਕੇ ਪ੍ਰਤਿਬਿੰਬ ਕੀਤਾ, ਪਰ ਹਰ ਹਾਲਤ ਵਿਚ "ਜੋਤਿ ਓਹਾ ਜੁਗਤਿ ਸਾਇ" ਹੀ ਰਹੀ। ਹਾਂ "ਸਹਿ ਕਾਇਆ ਫੇਰਿ ਪਲਟੀਐ" ਵਾਲਾ ਅੰਤਰਾ ਭੇਦ ਰਖਣਾ ਹੀ ਗੁਰ-ਕਰਤਾਰੀ ਭਾਣੇ ਅੰਦਰ ਮਨਜ਼ੂਰ ਸੀ। ਧਰੂਅ, ਪ੍ਰਹਿਲਾਦ ਆਦਿਕ ਭਗਤਾਂ ਨੂੰ ਤਾਂ ਪਿਛਲੇ ਜਨਮਾਂ ਅੰਦਰ ਚੁੰਭਤ-ਕਾਰਕ ਜ਼ਹੂਰ ਜੋ ਹਾਜ਼ਰਾ ਹਜ਼ੂਰ ਅਕਾਲ ਪੁਰਖ ਮਈ ਪਰਮ ਗੁਰੂ ਜੋਤੀ ਸਰੂਪ ਦਾ ਹੋਇਆ, ਉਹ ਕੇਵਲ ਉਨ੍ਹਾਂ ਦੀ ਰਖਿਆ ਤੇ ਦੁਸ਼ਟ-ਦਮਨਤਾ ਨਮਿਤ ਹੀ ਉਸ ਜੁੱਗ ਕਾਲਿ ਅੰਦਰਿ ਹੋਇਆ। ਬਸ਼ਿਸ਼ਟ, ਬ੍ਰਹਮਾਦਿ, ਸਨਕ ਸਨੰਦਨੀ ਰਿਖੀਸ਼ਰਾਂ ਨੂੰ ਤਾਂ ਏਤਨੀ ਭੀ ਗੁਰਮੁਖ ਸਮੀਪਤਾ ਤੇ ਗੁਰਮੁਖਤਾ ਪ੍ਰਾਪਤ ਨਹੀਂ ਹੋਈ, ਪ੍ਰੰਤੂ ਸਾਰਿਆਂ ਨੂੰ ਹੀ ਅਨੰਤ ਕਲਾ ਪੂਰਨ ਗੁਰ ਪ੍ਰਕਾਸ਼ ਪਰਮ ਪਦ ਦਾ ਸਾਕਸ਼ਾਤਕਾਰ ਹੋਇਆ ਤਾਂ ਕੇਵਲ ਏਸੇ ਸਮੇਂ ਹੋਇਆ ਜਦੋਂ ਗੁਰੂ ਨਾਨਕ ਦੇਵ ਜੀ ਨੇ ਕਲੀ ਕਾਲ ਅੰਦਰ ਪੂਰਨ ਗੁਰੂ ਅਵਤਾਰ ਧਾਰਨ ਕੀਤਾ ਅਤੇ ਏਸੇ ਸਮੇਂ ਏਹਨਾਂ ਉਪਰਲੇ ਭਗਤਾ ਨੇ ਮੁੜ ਜਨਮ ਲੈ ਕੇ "ਸਤਿਗੁਰ ਕੇ ਜਨਮੇ ਗਵਨੁ ਮਿਟਾਇਆ" ਗੁਰਵਾਕ ਅਨੁਸਾਰ ਪੂਰਨ ਗੁਰ-ਦੀਖਿਆ ਦੁਆਰਾ ਦੀਖਤ ਹੋ ਕੇ ਗੁਰਮੁਖਿ ਗੁਰਸਿਖ ਬਣ, ਤਤ ਕਲਿਆਣੀ ਸਦਗਤੀ ਵਾਲੀ ਪਰਮ ਪਦਵੀ ਪਾਈ ਅਤੇ ਇਸ ਗੁਰਵਾਕ ਪੰਗਤੀ ਦੇ ਅਟਲ ਨਿਯਮ ਨੂੰ ਪ੍ਰਸਿਧ ਕੀਤਾ- "ਬਿਨੁ ਗੁਰ ਹਰਿਨਾਮੁ ਨ ਕਿਨੈ ਪਾਇਆ ਮੇਰੇ ਭਾਈ।"

ਇਸ ਲੇਖ ਵਿਚ ਪਿਛੇ ਕ੍ਰਿਤਮ ਨਾਮ ਤੇ ਗੁਰਮਤਿ ਨਾਮ ਦੇ ਫਲ ਦੇ ਸਬੰਧ ਵਿਚ ਇਹ ਲਿਖਿਆ ਗਿਆ ਹੈ ਕਿ ਕ੍ਰਿਤਮ ਨਾਮ ਦੇ ਜਪਣਹਾਰੇ ਗੁਰਮਤਿ ਮੁਕਤਿ ਨੂੰ ਪ੍ਰਾਪਤ ਨਹੀਂ ਹੋ ਸਕਦੇ। ਗੁਰਮਤਿ ਮੁਕਤੀ ਤੋਂ ਭਾਵ ਏਥੇ ਗੁਰਮਤਿ ਦੇ ਇਸ ਆਦਸ਼ ਦਾ ਹੈ—

"ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ
ਕੇ ਪਰਸਾਦਿ ॥ ਚਰਨ ਕਮਲ ਕੀ ਮਉਜ ਮਹਿ
ਰਹਉ ਅੰਤਿ ਅਰੁ ਆਦਿ" ॥੧੨੦॥
[ਸਲੋਕ ਕਬੀਰ ਜੀ

ਰਾਜ ਨ ਚਾਹਉ ਮੁਕਤ ਨ ਚਾਹਉ ਮਨਿ
ਪ੍ਰੀਤਿ ਚਰਨ ਕਮਲਾਰੇ ॥" [ਪੰਨਾ ੫੩੪

ਗੁਰਸਿਖਾਂ ਲਈ ਚਰਨ ਕਮਲ ਦੀ ਮੌਜ ਤੋਂ ਬਿਨਾਂ ਹੋਰ ਨਾਨਾ ਪ੍ਰਕਾਰੀ ਮੁਕਤੀਆਂ ਕੁਝ ਮੁੱਲ ਨਹੀਂ ਰਖਦੀਆਂ। ਗੁਰਸਿਖਾਂ ਦਾ ਮੁਖ ਮੰਤਵ ਅਕਾਲੀ ਦਰਸ਼ਨਾਂ ਵਿਚ ਲੀਨਤਾ ਹੈ। ਇਹੋ ਵਾਸਤਵੀ ਤੱਤ ਉਧਾਰ ਹੈ। ਇਸੇ ਕਰਕੇ ਗੁਰਵਾਕ ਹੈ ਕਿ :—"ਮੁਕਤਿ ਬਪੁੜੀ ਭੀ ਗਿਆਨੀ ਤਿਆਗੈ।"

ਉਹ ਪੁਗ ਖਲੋਤੇ ਜਿਨ੍ਹਾਂ ਨੇ ਆਦਿ ਅੰਤ ਚਰਨ ਕਮਲ ਰੀ ਮਉਜ ਮਹਿ ਹੀ ਤੋੜ ਨਿਭਾਈ ਤੇ ਗੁਰਪੁਰੀ (ਸਚਖੰਡ) ਨਿਵ ਸ ਕੀਤਾ।

ਰਿਹਾ ਸਵਾਲ ਇਹ ਕਿ ਜੋ ਭਗਤ ਕ੍ਰਿਤਮ ਨਾਮ ਕੇਵਲ ਈਸ਼ਰ-ਸਿੱਧੀ ਲਈ ਨਿਸ਼ਕਾਮ ਹੋ ਕੇ ਜਪਦੇ ਹਨ ਉਨ੍ਹਾਂ ਨੂੰ ਕੀ ਫਲ ਪ੍ਰਾਪਤ ਹੋਵੇਗਾ। ਇਸ ਸਬੰਧੀ ਇਤਨੀ ਟੂਕ ਦੇਣੀ ਹੀ ਕਾਫ਼ੀ ਹੈ ਕਿ ਉਹ 'ਸਤਿਨਾਮ ਗੁਰਮਤਿ' ਨਾਮ ਦੇ ਅਧਿਕਾਰੀ ਬਣਦੇ ਗੁਰਮਤਿ ਨਾਮ ਦੁਆਰਾ ਉਧਰਨਗੇ। ਸਤਿਨਾਮ ਸਦਾ ਸੁਖਦਾਈ ਹੈ, ਇਹ ਕਦੇ ਉਲਟਾ ਨਹੀਂ ਪੈ ਸਕਦਾ। ਚਾਹੇ ਮਨੋਰਥ-ਸਿਧੀ ਲਈ ਭੀ ਕਿਉਂ ਨ ਜਪਿਆ ਜਾਵੇ। ਜਿਹਾ ਕਿ ਗੁਰਵਾਕ ਹੈ "ਅਪਨੇ ਲੰਭ ਕਉ ਕੀਨੋ ਮੀਤੁ ॥ ਸਗਲ ਮਨੋਰਥ ਮੁਕਤਿ ਪਦੁ ਦੀਤੁ ॥" ਪ੍ਰੰਤੂ ਕ੍ਰਿਤਮ ਨਾਮਾਂ ਦੇ ਜਾਪਕ ਜੋ ਮੰਤ੍ਰਾਂ ਜੰਤ੍ਰਾਂ ਦੁਆਰਾ ਕਈ ਪ੍ਰਕਾਰ ਦੀਆਂ ਸਿੱਧੀਆਂ ਪ੍ਰਾਪਤ ਕਰਨ ਦਾ ਉਦਮ ਕਰਦੇ ਹਨ, ਅਕਸਰ ਉਨ੍ਹਾਂ ਨੂੰ ਕਈ ਪ੍ਰਕਾਰ ਦੇ ਕਸ਼ਟ ਸ੍ਰੀਰਕ ਤੇ ਮਾਨਸਿਕ ਬਿਆਪਦੇ ਦੇਖੇ ਗਏ ਹਨ।

['ਗੁਰਮਤਿ ਲੇਖ' ਪੁਸਤਕ ਵਿਚੋਂ



www.AKJ.Org

# ਹਰ ਪਾਸੇ ਪ੍ਰਕਾਸ਼ ਉਸੇ ਦਾ

[ ਪਹਿਲੇ ਸਫ਼ੇ ਤੇ ਦਿਤੀ ਫ਼ਾਰਸੀ ਗ਼ਜ਼ਲ ਦਾ ਪੰਜਾਬੀ ਉਲਥਾ ]

ਇਹ ਦਿਲ ਜੇਕਰ ਦਾਨਾ ਹੋਵੇ, ਅੱਖ ਦਿੱਬ-ਦ੍ਰਿਸ਼ਟੀ ਵਾਲੀ।
ਵਿਚ ਬਗ਼ਲ ਦੇ ਬੈਠਾ ਜਾਪੇ, ਕਾਦਰ ਯਾਰ ਜਲਾਲੀ ॥੧॥

ਹਰ ਪਾਸੇ ਪ੍ਰਕਾਸ਼ ਉਸੇ ਦਾ, ਸਭ ਉਸ ਦੇ ਚਗਿਆੜੇ।
ਹਰ ਥਾਂ ਤੂਰ, ਅੱਖ ਪਰ ਕਿਥੇ ? ਜੋ ਸੋਹਣੇ ਨੂੰ ਤਾੜੇ ॥੨॥

ਸਿਰ ਹੈ ਈ ਤਾਂ ਪੈਰੀਂ ਟੁਰ ਕੇ, ਉਸ ਦੇ ਪੈਰੀਂ ਧਰ ਦੇ।
ਰੂਹ ਰਖਦਾ ਹੈਂ ਤਾਂ ਹੱਸ ਹੱਸ ਕੇ, ਸਦਕੇ ਉਸ ਤੋਂ ਕਰ ਦੇ ॥੩॥

ਹੱਥ ਹੈਂ ਨੀਂ ਤਾਂ ਮਿੱਤਰਾ ਉੱਠ ਕੇ, ਲੜ ਮਿਤਰ ਦਾ ਫੜ ਲੈ।
ਹਿੰਮਤ ਈ ਤਾਂ ਰਾਹ ਟੁਰ ਉਸ ਦੇ, ਜੀਵਨ-ਘਾੜਤ ਘੜ ਲੈ ॥ ॥

ਕੰਨ ਹੈਂ ਨੀ ! ਸਮੱਰਥਾ ਜੇ ਈ, ਨਾਮ ਸੁਣੀਂ ਨਾ ਦੂਜਾ।
ਬਲ ਬੋਲਣ ਦਾ ਜੇ ਜਿਹਬਾ ਨੂੰ, ਹਰ ਗੱਲ ਰੱਬ ਦੀ ਪੂਜਾ ॥੫॥

ਪੰਡਤ ਪੂਜੇ ਮੂਰਤੀਆਂ ਨੂੰ, ਖ਼ਾਨਗਾਹਾਂ ਨੂੰ ਮੁੱਲਾਂ।
ਹਰ ਥਾਂ ਇਸ਼ਕ-ਪਿਆਲਾ ਭਰਿਆ, ਮੈਂ ਵੇਖਾਂ, ਨਾ ਭੁੱਲਾਂ ॥੬॥

ਪੰਧ ਇਸ਼ਕ ਦੇ ਪੈਰ ਨਾ ਪਾਵੀਂ, ਖ਼ਾਬ ਇਸ਼ਕ ਦੇ ਲੈਂਦਾ।
ਸੂਲੀ ਤੇ ਮਨਸੂਰ ਵਾਂਗਰਾਂ, ਪੈਰ ਹੈ ਰਖਣਾ ਪੈਂਦਾ ॥੭॥

'ਗੋਇਆ' ਵਾਂਗੂ ਜੇ ਮਿਠ-ਬੋਲਾ, ਹੋ, ਨਿਮ੍ਰਤਾ ਧਾਰੀ।
ਸਭ ਕੁਝ ਘੋਲ ਘੁਮਾ ਦਿਲਬਰ ਤੋਂ, ਇਸ ਦਾ ਨਾਂ ਹੈ ਯਾਰੀ ॥੮॥

[ਸ: ਵਿਧਾਤਾ ਸਿੰਘ ਜੀ 'ਤੀਰ'

# ਖੇਡੀ ਖੇਡ ਜਗਤ ਦੀ ਝੂਠੀ

[ਵਲੋਂ—ਸ: ਸਾਧੂ ਸਿੰਘ ਜੀ ਸੂਫ਼ੀ]

ਖੇਡੀ ਖੇਡ ਜਗਤ ਦੀ ਝੂਠੀ, ਕਰ ਕੇ ਖੇਡ ਪਿਆਰੀ, ਵਾਂਗ ਮਦਾਰੀ।
ਧਨ ਦਾਰਾ ਸੁਤ ਸੰਪਤਿ ਸਗਲੀ, ਹੋਈ ਬਿਗਾਨੀ ਸਾਰੀ, ਜਾਂਦੀ ਵਾਰੀ।
ਬੈਠ ਰਿਦੇ ਹਰਿਨਾਮ ਨਾ ਜਪਿਆ, ਹੋਸ਼ ਗਈ ਸਭ ਮਾਰੀ, ਕਰ ਬਦਕਾਰੀ।
ਸੂਫ਼ੀ ਜਨਮ ਸਫ਼ਲ ਨਾ ਕੀਤਾ, ਕਰ ਪੁਰਸ਼ਾਰਥ ਭਾਰੀ, ਕਰ ਕੇ ਤਿਆਰੀ ॥ ॥

ਭਾਗ-ਹੀਣ ਜਨ ਜਾਣੇ ਨਾ ਕੁਝ, ਉਮਰ ਬੀਤ ਗਈ ਸਾਰੀ, ਬਣ ਹੰਕਾਰੀ।
ਬਿਰਥਾ ਕਰਮ ਕਮਾਈ ਜਗ ਵਿਚ, ਕਸ਼ਟ ਸਹੇ ਦੁਖ ਭਾਰੀ, ਬਣ ਸੰਸਾਰੀ।
ਕਰਨੇ ਜੋਗ ਨਾ ਕੀਤਾ ਮੂਰਖ, ਹੋ ਕੇ ਸਦਾ ਵਗਾਰੀ, ਕੂੜ ਵਿਹਾਰੀ।
ਸੂਫ਼ੀ ਛੱਡ ਅਧੂਰੇ ਕਾਰਜ, ਤੁਰ ਗਏ ਸਭ ਨਰ ਨਾਰੀ, ਜੂਨ ਗੁਜ਼ਾਰੀ ॥੮॥

['ਸੂਫ਼ੀ ਡਿਉਢਾਂ' ਵਿਚੋਂ

www.AKJ.Org

# ਨਰਕ ਸੁਰਗ (੧)

[ ਵਲੋਂ:—ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ ]

ਸ਼ੰਕਾਵਾਦੀ ਅਕਸਰ ਸ਼ੰਕਾ ਕਰਿਆ ਕਰਦੇ ਹਨ ਕਿ ਨਰਕ ਸੁਰਗ ਅਸਲੋਂ ਹੈਨ ਕਿ ਨਹੀਂ ? ਕਿ ਐਵੇਂ ਅਣਹੋਣੀ ਨਰਕ ਸੁਰਗ ਦੀ ਹੋਂਦ ਹੀ ਮੰਨੀ ਗਈ ਹੈ।

ਗੁਰਮਤਿ ਹੀਣੇ, ਗੁਰਸਿਖੀ ਤੋਂ ਗਿਰੇ ਹੋਏ ਪੁਰਸ਼ ਇਸ ਪ੍ਰਕਾਰ ਦੀਆਂ ਸ਼ੰਕਾਂਵਾਂ ਵਿਚ ਭਾਵੇਂ ਪਏ ਰੁੜ੍ਹੇ ਫਿਰਨ । ਉਹ ਜਿਥੇ ਪਰਮਾਰਥ ਵਲੋਂ ਉਕੇ ਹੀ ਸਖਣੇ ਹਨ, ਜੇਕਰ ਇਸ ਇਕ ਗੱਲ ਤੇ ਯਕੀਨ ਲਿਆਉਣੋਂ ਕੋਰੇ ਮੁਨਕਰ ਰਹਿਣ ਤਾਂ ਕੋਈ ਬੜੀ ਬਾਤ ਨਹੀਂ। ਪ੍ਰੰਤੂ ਗੁਰਸਿਖਾਂ ਲਈ, ਗੁਰਮਤਿ ਪਾਂਧੀ ਪ੍ਰਮਾਰਥੀਆਂ ਲਈ ਤਾਂ ਇਸ ਇਨਕਾਰ ਬਾਰੇ ਕੋਈ ਥਾਉਂ ਨਹੀਂ। ਕਿਉਂਕਿ ਗੁਰਬਾਣੀ ਅੰਦਰ ਥਾਉਂ ਥਾਈਂ ਇਸ ਪ੍ਰਥਾਇ ਪ੍ਰੋੜ੍ਹਤਾ ਆਉਂਦੀ ਹੈ ਕਿ ਨਰਕ ਸੁਰਗ ਜ਼ਰੂਰ ਹਨ, ਨਰਕ ਸੁਰਗ ਵਖੋ ਵਖ ਤਬਕੇ ਅਣਦਿਸਦੀ ਦੁਨੀਆ ਵਿਚ ਮੌਜੂਦ ਹਨ। ਜੋ ਤਸਦੀਕ ਇਸ ਪ੍ਰੋੜ੍ਹਤਾ ਲਈ ਗੁਰਬਾਣੀ ਦਿੰਦੀ ਹੈ ਉਹ ਅਸਾਡੇ ਤ੍ਰਿਕਾਲ-ਦਰਸੀ ਸਰਬੱਗ ਸਤਿਗੁਰਾਂ ਨੇ ਆਪਣੇ ਅੱਖੀਂ ਪੇਖੀਂ ਪਰਖੀ ਹੈ। ਸਿਖਾਂ ਲਈ ਇਸ ਤੇ ਕਿੰਤੂ ਕਰਨ ਦੀ ਕੋਈ ਗੁੰਜਾਇਸ਼ ਹੀ ਨਹੀਂ। ਬਹੁਤ ਸਾਰੇ ਗੁਰੂ-ਘਰ ਵਿਚ ਬਾਹਰੋਂ ਆ ਘੁਸੇ ਖਰੜ-ਗਿਆਨੀ ਅਤੇ ਬਹੁਤ ਸਾਰੇ ਨਵੀਨ ਅੰਧਕਾਰ ਤਿਮਰ ਰੌਸ਼ਨੀ ਦੇ ਚੁੰਧਿਆਏ ਹੋਏ ਸਿਆਣੇ ਸਦਾਉਣ ਵਾਲੇ. ਪੰਥਕ ਚੌਧਰਤਾ ਦੇ ਆਪੇ ਬਣ ਬੈਠੇ ਕੂਹਣੀਮਾਰ ਚੌਧਰੀ, ਨਾਨਾ ਪ੍ਰਕਾਰ ਦੀਆਂ ਤਰਕਾਂ ਬਿਤਰਕਾਂ ਕਰਿਆ ਕਰਦੇ ਹਨ ਅਤੇ ਆਮ ਜਨਤਾ ਨੂੰ ਗੁਮਰਾਹ ਕਰਨ ਦੇ ਅਪਰਾਧੀ ਬਣਦੇ ਹਨ। ਕਰਤਾਰ ਦੀ ਅਣਦਿਸਦੀ ਕਾਇਨਾਤ ਵਿਚ ਅਨੇਕ ਪ੍ਰਕਾਰ ਦੇ ਸੂਖਮ ਆਕਾਰ-ਮੰਡਲੀ ਤਬਕੇ ਹਨ, ਜਿਨ੍ਹਾਂ ਨੂੰ ਦਿਬ-ਦ੍ਰਿਸ਼ਟੀ ਵਾਲੇ ਦੀਦੇ ਦੀ ਪੇਖ ਪਰਖ ਸਕਦੇ ਹਨ। ਗੁਰਮੁਖ ਅਨਿੰਨ ਗੁਰਸਿਖੀ ਦੇ ਸ਼ਰਧਾਲੂ ਜਨਾਂ ਨੂੰ ਇਹ ਨਰਕ ਸੁਰਗ ਪੋਹ ਨਹੀਂ ਸਕਦੇ। ਸੁਰਗ ਨੂੰ ਜਾਣ ਦੀ ਤਿਨ੍ਹਾਂ ਦੀ ਲਾਲਸਾ ਫੁਰਨੇ ਮਾਤਰ ਭੀ ਨਹੀਂ ਹੁੰਦੀ ਅਤੇ ਨਰਕਾਂ ਵਿਚ ਪੈਣ ਦਾ ਉਨ੍ਹਾਂ ਪੁਗ-ਖਲੋਤਿਆਂ ਨੂੰ ਰੰਚਕ ਮਾਤ੍ਰ ਤ੍ਰਾਸ ਨਹੀਂ ਹੁੰਦਾ। ਤਿਨ੍ਹਾਂ ਨੂੰ ਤਾਂ ਕੇਵਲ ਚਰਨ ਕੰਵਲ ਦੀ ਮੌਜ-ਮਸਤੌਜ ਅਤੇ ਵਾਹਿਗੁਰੂ-ਦਰਸ਼ਨ ਦੇ ਪੇਖਣ-ਪਰਖਣ ਦੀ ਪਰਬਲ ਇਸ਼ਕ-ਔਜ ਹੀ ਨਰਕ ਸੁਰਗ ਦੇ ਝਮੇਲੇ ਤੋਂ ਅਲੇਪ ਰਖਦੀ ਹੈ। ਪਰ ਇਸ ਝਮੇਲੇ ਦੀ ਅਲੇਪਤਾ ਤੋਂ ਇਹ ਸਿਖਿਆ ਹਾਸਲ ਨਹੀਂ ਕਰਨੀ ਕਿ ਨਰਕ ਸੁਰਗ ਐਵੇਂ ਕਿਆਸੀ ਖ਼ਿਆਲੀ ਮਨ-ਮਨੌਤੀ ਹੈ । ਗੁਰਬਾਣੀ ਦਾ ਇਹ ਵਾਕ:—

> ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ
> ਕੇ ਪਰਸਾਦਿ ॥ ਚਰਨ ਕਮਲ ਕੀ ਮਉਜ
> ਮਹਿ ਰਹਉ ਅੰਤਿ ਅਰੁ ਆਦਿ ॥੧੨੦॥
> [ਸਲੋਕ ਕਬੀਰ ਜੀ

ਇਕ ਆਦਰਸ਼ਕ ਗੁਰਮਖਤਾਈ ਦੀ ਔਜ ਨੀਸ਼ਾਨੀ ਸਚੀ ਵੰਨਗੀ ਹੈ, ਜਿਸ ਤੋਂ ਇਸ ਭੇਦ ਦਾ ਚਾਨਣਾ ਪੈਂਦਾ ਹੈ ਕਿ ਚਰਨ ਕੰਵਲ ਦੇ ਮੌਜ-ਮਲਕੀਅਤੀ ਗੁਰਮੁਖ ਜਨਾਂ ਨੂੰ ਨਰਕਾਂ ਸੁਰਗਾਂ ਦੀ ਪਰਵਾਹ ਨਹੀਂ ਹੁੰਦੀ। ਉਹ ਏਹਨਾਂ ਹੇਠਲੀਆਂ ਮੰਜ਼ਲਾਂ ਤੋਂ ਅਪਰਪਰ ਪਰਵਾਜ਼ ਕਰ ਗਏ ਹੁੰਦੇ ਹਨ, ਪਰ ਇਸ ਦਾ ਭਾਵ ਹਰਗਿਜ਼ ਨਹੀਂ ਕਿ ਇਹ ਨਰਕ ਸੁਰਗ ਦੇ ਤਬਕੇ ਹੀ ਨਾਬੂਦ ਹਨ। ਯਾ ਐਵੇਂ ਕਿਆਸੀ ਮਨ-ਮਨੌਤੀਆਂ ਹੀ ਹਨ। ਇਸ ਪ੍ਰਥਾਇ ਅਨਗਿਣਤ ਗੁਰਵਾਕਾਂ ਦੀ ਅਰਸ਼-ਚਾਨਣੀ ਚਾਨਣਾ ਪਾਉਂਦੀ ਹੈ। ਤਿਸ ਤੇ ਯਥਾ ਯੋਗਤਾ ਪ੍ਰਮਾਣਾਂ ਸੰਯੁਕਤ ਸੁਵਿਸਥਾਰਤਾ ਦੇਣੀ ਅਤਿਅੰਤ ਜ਼ਰੂਰੀ ਹੈ। ਸੋ ਇਸ ਵੀਚਾਰ ਨੂੰ ਗੋਰ ਕਰਕੇ ਧਿਆਨ ਦੇਣਾ ਬਹੁਤ ਲਾਭਕਾਰੀ ਹੋਵੇਗਾ।

ਸੱਚ ਹਕੀਕਤ ਤਾਂ ਇਹ ਹੈ ਕਿ ਜਿਨ੍ਹਾਂ ਨੂੰ ਵਾਹਿਗੁਰੂ ਦੇ ਨਾਮ ਦਾ ਰੰਗ ਨਹੀਂ ਲੱਗਾ, ਜੋ ਵਾਹਿਗੁਰੂ-ਨਾਮ-ਰੰਗਾਂ ਵਿਚ ਲੀਨ-ਬਿਸਮੀਨ ਨਹੀਂ ਹੋਏ ਤਿਨ੍ਹਾਂ ਨੂੰ ਅਵੱਸ਼ ਨਰਕ ਭੋਗਣੇ ਪੈਣਗੇ। ਇਹ ਗਤਿ ਕਦੇ ਟਲਣੀ ਨਹੀਂ । ਯਥਾ ਗੁਰਵਾਕ :—



www.AKJ.Org

ਰੰਗੁ ਨ ਲਗੀ ਪਾਰਬ੍ਰਹਮ ਤਾ ਸਰਪਰ ਨਰਕੇ ਜਾਇ ॥ [ਸਿਰੀ ਰਾਗ ਮ: ੫

ਸਰਪਰ ਨਰਕੇ ਜਾਇ ਵਾਲੀ ਪੰਗਤੀ ਵਸੂਕ ਨਾਲ ਤਸਦੀਕ ਕਰਦੀ ਹੈ ਕਿ ਜਿਨ੍ਹਾਂ ਨੂੰ ਪਾਰਬ੍ਰਹਮ ਦਾ ਰਗ ਨਹੀਂ ਲੱਗਾ ਸੋ ਲਾਜ਼ਮੀ ਤੌਰ ਤੇ ਸਿਧੇ ਨਰਕਾਂ ਨੂੰ ਜਾਣਗੇ, ਚਾਹੇ ਉਹਨਾਂ ਨੇ ਸ਼ਾਸਤਰ, ਸਿਮਰਤੀਆਂ, ਚਾਰੇ ਵੇਦਾਂ ਦੇ ਵਿਚਾਰ ਕੇ ਘੋਖ ਘੋਖ ਕੇ ਮੁਖਾਗਾਰ ਪਾਠ ਕਿਤਨੇ ਹੀ ਕਿਉਂ ਨ ਕੀਤੇ ਹੋਣ। ਉਹਨਾਂ ਨੂੰ ਜ਼ਰੂਰ ਸਰਪਰ ਨਰਕੇ ਜਾਣਾ ਪਊ, ਜੇ ਪਾਰਬ੍ਰਹਮ ਦੇ ਨਾਮ ਦਾ ਰੰਗ ਨਹੀਂ ਤਿਨ੍ਹਾਂ ਤੇ ਚੜ੍ਹਿਆ। ਨਾਮ-ਰੰਗ-ਹੀਣੇ ਤਪੇ ਤਪੀਸਰ ਜੋਗੀਆਂ ਨੂੰ ਨਰਕ ਭੁਗਤਣੇ ਪੈਣਗੇ। ਚਾਹੇ ਉਹਨਾਂ ਨੇ ਅਨੇਕਾਂ ਆਨਮਤੀ ਤੀਰਥਾਂ ਦੀ ਯਾਤਰਾ ਕੀਤੀ ਹੋਵੇ, ਨਾਨਾ ਪ੍ਰਕਾਰੀ ਤੀਰਥਾਂ ਤੇ ਨਹਾਇ ਨਹਾਇ ਕਰ ਖਟ ਕਰਮਾਂ ਤੋਂ ਦੁਗਣੀ ਪੂਜਾ ਪੁੰਨ ਕਿਰਿਆ ਕੀਤੀ ਹੋਵੇ। ਸਾਰਾ ਸ਼ਬਦ ਇਹ ਹੈ :—

ਸਾਸਤ ਸਿੰਮ੍ਰਿਤਿ ਬੇਦ ਚਾਰਿ ਮੁਖ ਗਰ ਬਿਚਰੇ ॥ ਤਪੇ ਤਪੀਸਰ ਜੋਗੀਆ ਤੀਰਥਿ ਗਵਨੁ ਕਰੇ ॥ ਖਟੁ ਕਰਮਾ ਤੇ ਦੁਗੁਣੇ ਪੂਜਾ ਕਰਤਾ ਨਾਇ ॥ ਰੰਗੁ ਨ ਲਗੀ ਪਾਰਬ੍ਰਹਮ ਤਾ ਸਰਪਰ ਨਰਕੇ ਜਾਇ ॥੫॥

[ਸਿਰੀ ਰਾਗੁ ਮ: ੫, ਪੰਨਾ ੭੦

ਧਰਮ ਈਮਾਨ ਹੀਣ ਬਹੁਤ ਸਾਰੇ ਲੋਗ ਇਹ ਕਿਹਾ ਕਰਦੇ ਹਨ ਕਿ ਭਾਈ ਨਰਕ ਸੁਰਗ ਐਥੇ ਹੀ ਹੈ, ਅਗੇ ਕੁਛ ਨਹੀਂ। ਜਿਨ੍ਹਾਂ ਨੇ ਮਾਇਕ ਸੁਖ ਐਥੇ ਮਾਣ ਲਏ ਉਹਨਾਂ ਨੇ ਮਾਨੋ ਸੁਰਗ ਭੋਗ ਲਏ। ਜਿਨ੍ਹਾਂ ਨੇ ਦੁਖ-ਦਲਿੱਦਰ ਦੀ ਜ਼ਿੰਦਗੀ ਏਥੇ ਬਤੀਤ ਕੀਤੀ ਉਹਨਾਂ ਦੇ ਭਾਣੇ ਏਥੇ ਨਰਕ ਭੁਗਤੇ ਗਏ। ਇਉਂ ਨਹੀਂ ਖਹਿੜਾ ਛੁਟਣਾ, ਇਤ ਭਰਵਾਸੇ ਰਹਿਣਾ ਕੁਢੰਗਾ ਹੈ। ਸੰਸਾਰਕ ਸੁਖਾਂ ਕਰ ਕੇ ਸੁਰਗ ਭੁਗਤਿਆਂ ਤਿਨ੍ਹਾਂ ਦਾ ਮੰਨਿਆ ਜਾਂਦਾ ਹੈ ਜਿਨ੍ਹਾਂ ਨੂੰ ਲੋਕਾਂ ਭਾਣੇ ਏਥੇ ਏਸ ਜਗਤ ਵਿਚ ਦੁਖ-ਦਲਿੱਦਰ ਨਹੀਂ ਭੁਗਤਣੇ ਪੈਂਦੇ, ਪਰ ਇਹ ਨਿਰੀ ਖਾਮ ਖ਼ਿਆਲੀ ਹੈ। ਸਤਿਗੁਰੂ ਨਾਨਕ ਦੇਵ ਜੀ ਫ਼ੁਰਮਾਉਂਦੇ ਹਨ :—

ਬਹੁਤੁ ਧਨਾਢਿ ਅਚਾਰਵੰਤੁ ਸੋਭਾ ਨਿਰਮਲ ਰੀਤਿ ॥ ਮਾਤ ਪਿਤਾ ਸੁਤ ਭਾਈਆ ਸਾਜਨ ਸੰਗਿ ਪਰੀਤਿ ॥ ਲਸਕਰ ਤਰਕਸਬੰਦ ਬੰਦ ਜੀਉ ਜੀਉ ਸਗਲੀ ਕੀਤ ॥ ਚਿਤਿ ਨ ਆਇਓ ਪਾਰਬ੍ਰਹਮੁ ਤਾ ਖੜਿ ਰਸਾਤਲਿ ਦੀਤ ॥੭॥ [ਪੰਨਾ ੭੦

ਭਾਵ ਸੰਸਾਰ ਦੀ ਐਸ਼ਵਰਜ ਕਰਕੇ ਭਾਵੇਂ ਕੋਈ ਬਹੁਤ ਹੀ ਧਨਵੰਤ ਹੋਵੇ ਅਤੇ ਅਚਾਰਵੰਤ ਕੁਲਵੰਤ ਭੀ ਹੋਵੇ ਤੇ ਉਸ ਦੀ ਸੋਭਾ ਭੀ ਸਾਰੇ ਸੰਸਾਰ ਵਿਚ ਹੁੰਦੀ ਹੋਵੇ, ਸੰਸਾਰਕ ਰੀਤੀਆਂ ਸੁਰੀਤੀਆਂ ਕਰਕੇ ਭੀ ਭਾਵੇਂ ਕੋਈ ਕਿਤਨਾ ਹੀ ਜਗ ਵਿਚ ਮਸ਼ਹੂਰ ਹੋਵੇ, ਮਾਤਾ ਪਿਤਾ ਦੇ ਸਿਰ ਤੇ ਹੋਣ ਦੇ ਸੁਖ ਭੀ ਪ੍ਰਾਪਤ ਹੋਣ, ਸਤ ਸੰਪਦਾ ਕਰਕੇ ਭੀ ਸੁਖੀ ਹੋਵੇ, ਭਾਈਆਂ, ਸਕੇ ਭਰਾਵਾਂ ਅਤੇ ਸਜਣਾਂ ਸੰਗੀਆਂ ਦੀ ਪ੍ਰੀਤ-ਸਹੋਦਰਤਾ ਭੀ ਪ੍ਰਾਪਤ ਹੋਵੇ, ਬੜੇ ਬੜੇ ਲਸ਼ਕਰਾਂ ਤੇ ਅਸਤ੍ਰਾਂ ਦਾ ਭੀ ਮਾਲਕ ਹੋਵੇ ਅਤੇ ਸਾਰਿਆਂ ਦੇ ਉਪਰ ਉਸ ਦੀ ਫ਼ੁਰਮਾਇਸ਼ ਚਲਦੀ ਹੋਵੇ, ਸਭ ਕੋਈ ਸਗਲੀ ਲੁਕਾਈ ਉਸ ਨੂੰ ਜੀਉ ਜੀਉ ਕਰਿ ਸਤਿਕਾਰਦੀ ਪਿਆਰਦੀ ਹੋਵੇ, ਏਤਨੇ ਸੰਸਾਰਕ ਸੁਖਾਂ ਅਤੇ ਮਾਇਕ ਪਦਾਰਥਾਂ ਦੇ ਹੁੰਦਿਆਂ ਜੇ ਉਹ ਪਾਰਬ੍ਰਹਮ ਪਰਮੇਸ਼ਰ ਦਾ ਚਿਤਵਨ ਸਿਮਰਨ ਨਹੀਂ ਕਰਦਾ ਤਾਂ ਉਸ ਨੂੰ ਅਗੇ ਚਲ ਕੇ ਰਸਾਤਲ-ਮਈ ਨਰਕਾਂ ਵਿਚ ਧਕੇਲ ਦਿਤਾ ਜਾਊ। ਜੇ ਏਥੇ ਹੀ ਸੁਖ-ਮਈ ਸੁਰਗ ਭੁਗਤ ਲਏ ਮੰਨੇ ਜਾਣ ਤਾਂ ਉਸ ਨੂੰ ਅਗਾਂਹਾਂ ਜਾ ਕੇ ਨਰਕ ਰਸਾਤਲ ਕਿਉਂ ਪੈਣਾ ਪਵੇ, ਪਰ ਸਤਿਗੁਰੂ ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਵਾਹਿਗੁਰੂ-ਨਾਮ ਦੇ ਸਿਮਰਨ ਬਿਨਾਂ ਸੰਸਾਰ ਦੇ ਸੁਖਾਂ ਨੂੰ ਭੋਗਣ ਵਾਲੇ ਸਾਰੇ ਹੀ ਰਸਾਤਲੀਂ ਜਾਂਦੇ ਹਨ। ਜੇਕਰ ਏਥੇ ਦੇ ਦੁਖਾਂ ਸੁਖਾਂ ਦੀ ਕਸੌਟੀ ਕਰਕੇ ਹੀ ਨਰਕ ਸੁਰਗ ਏਥੇ ਹੀ ਭੁਗਤ ਲਏ ਮੰਨੇ ਜਾਣ ਤਾਂ ਇਸ ਹੱਕ ਦਾ ਉਹਨਾਂ ਦੇ ਪਾਸ ਕੀ ਜਵਾਬ ਹੈ ਕਿ ਬਹੁਤ ਲੋਗ ਸਾਰੀ ਉਮਰ ਹੀ ਸੰਸਾਰੀ ਸੁੱਖ ਭੋਗਦੇ ਦੇਖੇ ਗਏ ਹਨ ਅਤੇ ਬਹੁਤ ਸਾਰੇ ਦੁਖ ਹੀ ਸਾਰੀ ਉਮਰ ਭੋਗਦੇ ਹਨ। ਇਕਨਾਂ ਲਈ ਸੁਖ ਹੀ ਸੁਖ ਕਿਉਂ ਮਖ਼ਸੂਸ ਹਨ ? ਤੇ ਦੂਜਿਆਂ ਲਈ ਦੁਖ ਹੀ ਦੁਖ ਕਿਉਂ ਦਰੁਸਤ ਹਨ ? ਇਸ



www.AKJ.Org

ਸੰਸਾਰ ਵਿਖੇ ਹੀ ਮਿਲਦੀ ਦੁਖਾਂ ਸੁਖਾਂ ਦੀ ਗਤੀ ਨੂੰ ਦੇਖ ਕੇ ਹੀ ਭਰਮ ਨਹੀਂ ਜਾਣਾ ਚਾਹੀਦਾ ਕਿ ਸੁਖਾਂ ਵਾਲੇ ਸੁਰਗ ਭੋਗਦੇ ਹਨ ਤੇ ਦੁਖਾਂ ਵਾਲੇ ਨਰਕ। ਇਹ ਤਾਂ ਕੋਈ ਨਿਯਮ ਨਿਆਉਂ ਨ ਹੋਇਆ। ਏਹ ਗੱਲ ਮੰਨਣੀ ਪਊ ਕਿ ਕਰਮਾਂ ਅਨੁਸਾਰ ਦੁਖਾਂ ਸੁਖਾਂ ਦ ਭੋਗ ਹਨ, ਜੋ ਕਰਮ-ਬਿਧਾਤਾ ਏਥੇ ਭੀ ਭੁਗ-ਤਾਉਂਦਾ ਹੈ। ਇਹ ਗੱਲ ਖੋਲ੍ਹ ਕੇ ਕਰਮ-ਫਿਲਾਸਫੀ ਪੁਸਤਕ ਵਿਚ ਨਿਰਣੇ ਕੀਤੀ ਜਾਊਗੀ। ਪਰ ਉਪਰਲੇ ਗੁਰ-ਵਾਕ ਅਨੁਸਾਰ ਤਾਂ ਭਾਵੇਂ ਏਸ ਜਨਮ ਵਿਚ ਕਿਤਨੇ ਹੀ ਸੁਖ ਭੋਗੇ ਜਾਣ ਅਤੇ ਸਸਾਰਕ ਸੁਖ-ਕਰਮ ਕੀਤੇ ਜਾਣ, ਪਰ ਬਿਨਾਂ ਨਾਮ-ਰੰਗ-ਰਤਿਆਂ, ਨਾਮ-ਸਿਮਰਨ-ਕਮਾਈ ਕਮਾਇਆਂ ਤਿਨ੍ਹਾਂ ਨੂੰ ਅਗੇ ਜਾ ਕੇ ਨਰਕ ਹੀ ਨਰਕ ਭੋਗਣਾ ਪੈਂਦਾ ਹੈ। ਜੋ ਸੰਸਾਰਕ ਸੁਖਾਂ ਵਿਚ ਹੀ ਲੰਪਤ ਖਪਤ ਹੋ ਜਾਂਦੇ ਹਨ ਅਤੇ ਸੁਖਾਂ ਦੇ ਦਾਤੇ ਸਿਰਜਨਹਾਰ ਨੂੰ ਵਿਸਾਰ ਦਿੰਦੇ ਹਨ, ਤਿਨ੍ਹਾਂ ਅਕਿਰਤਘਣਾਂ ਦਾ ਵਾਸਾ ਅਗੇ ਜਾ ਕੇ ਜ਼ਰੂਰ ਨਰਕਾਂ ਤੇ ਰਸਾਤਲਾਂ ਦੋਜ਼ਖ਼ਾਂ ਵਿਚ ਹੁੰਦਾ ਹੈ।

ਨਾਮ-ਭਗਤੀ ਦੀ ਵਡਿਆਈ ਅਤੇ ਨਾਮ-ਹੀਣਿਆਂ ਦੀ ਅਧੋਗਤੀ-ਮਈ ਛੁਟਿਆਈ ਇਸ ਅਗਲੇਰੇ ਗੁਰ-ਵਾਕ ਅੰਦਰ ਖੂਬ ਨਿਖਾਰ ਕੇ ਦਿਖਾਈ ਗਈ ਹੈ :—

ਹਰਿ ਆਪਣੀ ਭਗਤਿ ਕਰਾਇ ਵਡਿਆਈ ਵੇਖਾਲੀਅਨੁ ॥ਆਪਣੀ ਆਪਿ ਕਰੇ ਪਰਤੀਤਿ ਆਪੇ ਸੇਵ ਘਾਲੀਅਨੁ ॥ ਹਰਿ ਭਗਤਾ ਨੋ ਦੇਇ ਅਨੰਦੁ ਥਿਰੁ ਘਰੀ ਬਹਾਲਿਅਨੁ ॥ ਪਾਪੀਆ ਨੋ ਨ ਦੇਈ ਥਿਰੁ ਰਹਣਿ ਚੁਣਿ ਨਰਕਿ ਘੋਰਿ ਚਾਲਿਅਨੁ ॥ ਹਰਿ ਭਗਤਾ ਨੋ ਦੇਇ ਪਿਆਰੁ ਕਰਿ ਅੰਗੁ ਨਿਸਤਾਰਿਅਨੁ ॥੧੯॥ [ਸਿਰੀ ਰਾਗ ਕੀ ਵਾਰ, ੯੦

ਇਸ ਗੁਰ-ਵਾਕ ਅਨੁਸਾਰ ਸਪੱਸ਼ਟ ਹੁੰਦਾ ਹੈ, 'ਸੁਕ੍ਰਿਤੁ ਕਰਣੀ ਸਾਰੁ ਜਪਮਾਲੀ' ਵਾਲੇ ਭਗਤ-ਜਨਾਂ ਦਾ ਵਾਸਾ ਗੁਰਪੁਰੀ ਵਿਚ ਹੁੰਦਾ ਹੈ, ਵਾਹਿਗੁਰੂ ਦੇ ਸਚਖੰਡ ਨਿਜ ਘਰਿ ਵਿਖੇ ਹੁੰਦਾ ਹੈ। ਨਾਮੋਂ ਘੁਥੜੇ ਪਾਪੀਆਂ ਨੂੰ ਘੋਰ ਨਰਕ ਵਿਚ ਚੁਣ ਚੁਣ ਕੇ ਪਾਈਦਾ ਹੈ। ਉਹਨਾਂ ਨੂੰ ਕਿਤੇ ਭੀ ਥਿਰਤਾ ਨਹੀਂ ਮਿਲਦੀ, ਕੇਵਲ ਨਰਕੀਂ ਹੀ ਠਉਰ ਮਿਲਦੀ ਹੈ। ਜੋ ਪ੍ਰਾਣੀ ਏਥੇ ਇਸ ਸੰਸਾਰ ਵਿਖੇ ਸੁਖ ਭੋਗਦੇ ਹਨ, ਪਰ ਪਾਪ-ਕਰਮ ਕਮਾਉਂਦੇ ਹਨ, ਤਿਨ੍ਹਾਂ ਪਾਪੀਆਂ ਨੂੰ ਨਰਕਾਂ ਦੀ ਸਜ਼ਾ ਅਗੇ ਚਲ ਕੇ ਜ਼ਰੂਰ ਭੁਗਤਣੀ ਪਊ. ਅਤੇ ਐਸੇ ਬਿਖਮ ਘੋਰ ਪੈਂਡੇ ਵਿਚ ਦੀ ਲੰਘਣਾ ਪਊ ਜਿਥੇ ਸੂਰਜ ਚੰਦ ਦੇ ਚਾਨਣੇ ਦਾ ਪਰਵੇਸ਼ ਨਹੀਂ, ਨਿਰਾ ਅਨ੍ਹੇਰ ਘੁਪ ਹੈ। ਯਥਾ ਗੁਰ-ਵਾਕ:—

ਬਿਖਮ ਘੋਰ ਪੰਥਿ ਚਾਲਣਾ ਪ੍ਰਾਣੀ, ਰਵਿ ਸਸਿ ਤਹ ਨ ਪਰਵੇਸੰ॥ [ਸਿਰੀਰਾਗ ਤ੍ਰਿਲੋਚਨ ਜੀ

ਇਸ ਗੁਰ-ਵਾਕ ਤੋਂ ਸਿਧ ਹੈ ਕਿ ਜਿਥੇ ਨ ਕਦੇ ਸੂਰਜ ਚੜ੍ਹਦਾ ਹੈ ਤੇ ਨਾ ਚੰਦ ਹੀ ਕਦੇ ਨਮੂਦਾਰ ਹੁੰਦਾ ਹੈ, ਘੋਰ-ਘੁਪ ਅੰਧਿਆਰ ਹੀ ਅੰਧਿਆਰ ਤਿਨ੍ਹਾਂ ਤਬਕਿਆਂ ਵਿਚ ਸਦਾ ਰਹਿੰਦਾ ਹੈ। ਅੰਧਿਆਰੇ ਤੋਂ ਖਿਨਾਂ ਹੋਰ ਵੀ ਬਿਖਮਤਾਈਆਂ ਉਥੇ ਦਰ-ਪੇਸ਼ ਆਉਂਦੀਆਂ ਹਨ, ਜਿਨ੍ਹਾਂ ਦਾ ਵਰਨਣ ਕਰਨਾ ਕਠਨ ਹੈ।

ਏਸ ਦੇਹੀ ਨੂੰ ਤਿਆਗ ਕੇ ਸੂਖਮ ਦੇਹੀ ਸੰਯੁਕਤ ਜੀਵ ਅਗੇ ਇਕੇਲਾ ਜਾਂਦਾ ਹੈ ਅਤੇ ਪਾਪਾਂ ਦੀ ਪੰਡ ਨਾਲ ਹੀ ਲੈ ਜਾਂਦਾ ਹੈ, ਜਿਸ ਕਰਕੇ ਪਾਪਾਂ ਦੀ ਪੰਧ ਲੰਘਣੀ ਅਤਿ ਔਖੀ ਹੋ ਜਾਂਦੀ ਹੈ।

ਇਸ ਅਗਲੇ ਦ੍ਰਿਸ਼ਯ ਨੂੰ ਦਿਬ-ਦ੍ਰਿਸ਼ਟਿ ਸਰਬਗ ਪੁਰਖਾਂ ਨੇ ਆਪਣੀ ਨਿਜ ਅੱਖੀਂ ਪ੍ਰਕਾਸ਼ ਵਿਕਾਸ ਦੇ ਪਰਤੱਖ ਨਜ਼ਾਰੇ ਵਿਚ ਦੇਖਿਆ ਹੈ। ਜੈਸਾ ਕਿ ਅਗਲਾ ਗੁਰ-ਵਾਕ ਦਸਦਾ ਹੈ :—

ਆਜੁ ਮੇਰੈ ਮਨਿ ਪ੍ਰਗਟੁ ਭਇਆ ਹੈ ਪੇਖੀਅਲੇ ਧਰਮਰਾਓ ॥ ਤਹ ਕਰਦਲ ਕਰਨਿ ਮਹਾ ਬਲੀ ਤਿਨ ਆਗਲੜੈ ਮੈ ਰਹਣੁ ਨ ਜਾਇ ॥੪॥ [ਸਿਰੀਰਾਗੁ ਤ੍ਰਿਲੋਚਨ ਜ

ਸਮਾਧ-ਸਥਿਤੀ ਆਤਮ ਵਿਗਾਸ ਦੇ ਖੋਲਾਉ ਵਿਚ ਪਰਤੱਖ ਦੇਖਿਆ ਨਜ਼ਾਰਾ ਨਦਰੀ-ਨਦਰ-ਨਦਰਾਏ ਮਹਾਂ ਪੁਰਖ ਦੱਸਦੇ ਹਨ ਕਿ ਸੁਤੇ ਸਿਧ ਹੀ ਪ੍ਰਕਾਸ਼-ਵਿਕਾਸੀ ਉਘਾੜ ਵਿਚ ਧਰਮ ਰਾਇ ਦੀ ਪੂਰੀ



www.AKJ.Org

ਵੀ ਅੱਖੀਂ ਦੇਖੀ ਸਣੇ ਧਰਮ ਰਾਉ ਦੇ, ਅਤੇ ਕਥੇ (ਧਰਮਰਾਇ ਦੀ ਪੁਰੀ ਵਿਖੇ) ਧਰਮ ਰਾਇ ਦੇ ਮਹਾ ਬਲੀ ਜਮਦੂਤਾਂ ਦੇ ਦਲਾਂ ਦੇ ਦਲ ਵੀ ਦੇਖੇ, ਜੋ ਧਰਮ ਰਾਇ ਦੇ ਹੁਕਮ ਅੰਦਰ ਪਾਪੀਆਂ ਦੀ ਦੁਰਗਤੀ ਕਰਦੇ ਪੇਖੇ ਗਏ। ਤਿਨ੍ਹਾਂ ਦੇ ਅਗੇ ਕੋਈ ਖੜ ਨਹੀਂ ਸਕਦਾ। ਤਿਨ੍ਹਾਂ ਦੀ ਬਿਕਰਾਲ ਦਸ਼ਾ ਨੂੰ ਦੇਖ ਕੇ ਐਸੇ ਤ੍ਰਾਸਮਾਨ ਅਤੇ ਤਰਸਤਿਦਾਨ ਹੋਈਦਾ ਹੈ ਕਿ ਉਹਨਾਂ ਦੀ ਹਾਲਤ ਦੇਖੀ ਨਹੀਂ ਜਾਂਦੀ। ਇਹ ਸਤਿਗੁਰੂ ਨਦਰ-ਨਦਰਾਏ ਸਰਬਗ ਪੁਰਸ਼ ਭਗਤ ਜਨਾਂ ਦੀ ਨਿਜ ਅੱਖੀਂ ਦੇਖੀ ਝਾਕੀ ਹੈ। ਤਾਂ ਤੇ ਇਸ ਵਿਚ ਕਿੰਤੂ ਕੋਈ ਨਹੀਂ ਕਰਨਾ ਚਾਹੀਦਾ। ਅਕਾਲ ਪੁਰਖ ਸਚੇ ਗੋਸਾਈਂ ਨੂੰ ਸਿਮਰਨਹਾਰੇ ਏਹਨਾਂ ਨਰਕਾਂ ਵਿਚ ਨਹੀਂ ਪੈਂਦੇ। ਪਾਏ ਹੀ ਨਹੀਂ ਜਾਂਦੇ। ਜਿਨ੍ਹਾਂ ਦੇ ਮਨ ਵਿਖੇ ਆਪ ਪਿਆਰਾ ਆਣ ਵੂਠਾ ਹੈ ਤਿਨ੍ਹਾਂ ਨੂੰ ਤਤੀ ਵਾਉ ਨਹੀਂ ਲਗਣੀ ਪਾਉਂਦੀ। ਯਥਾ ਗੁਰਵਾਕ :—

ਜੋ ਸਿਮਰੰਦੇ ਸਾਂਈਐ ॥ ਨਰਕਿ ਨ ਸੇਈ ਪਾਈਐ ॥ ਤਤੀ ਵਾਉ ਨ ਲਗਈ ਜਿਨ ਮਨਿ ਵੁਠਾ ਆਇ ਜੀਉ ॥

[ਮਾਝ ਮ: ੫, ਪੰਨਾ ੧੩੨

ਵਾਹਿਗੁਰੂ ਦੇ ਦਾਸਾਂ, ਗੁਰਮੁਖਿ-ਜੋਤ-ਪ੍ਰਗਾਸਾਂ ਨੂੰ ਵਾਹਿਗੁਰੂ ਦੀ ਵਡੀ ਵਡਿਆਈ ਬਖਸ਼ਸ਼ ਹੈ। ਉਹ ਬਖਸ਼ੇ ਹੋਏ ਪੁਰਸ਼ ਵਾਹਿਗੁਰੂ ਦਰ ਗੋਚਰੇ ਹੀ ਰਹਿੰਦੇ ਹਨ। ਨਰਕ-ਸੁਰਗ ਤੋਂ ਉਪਰ ਤਿਨ੍ਹਾਂ ਦਾ ਪ੍ਰਵਾਜ਼ ਹੈ। ਨਾਮ-ਲਿਵ-ਤਰਨੀਏ ਲੱਗ ਨਾਮੀ-ਵਾਹਿਗੁਰੂ ਦੀ ਪੁਰੀ ਵਿਚ ਹੀ ਲਿਵਤਾਰੀਆਂ ਉਡਾਰੀਆਂ ਲਾਉਂਦੇ ਹਨ। ਨਾਮ ਤੋਂ ਘੁਥੜੇ ਮਾਇਆ-ਮੋਹ ਵਿਚ ਮੱਠੂ ਮਗਨੱਠੂ ਰਹਿਣ ਕਰਕੇ ਨਰਕਾਂ ਦੇ ਭਾਗੀ ਬਣਦੇ ਹਨ, ਅਵੱਸ਼ ਨਰਕੀਂ ਲਿਜਾਏ ਪਾਏ ਜਾਂਦੇ ਹਨ। ਯਥਾ ਗੁਰ-ਵਾਕ :—

ਤੇਰੇ ਦਾਸ ਕਉ ਤੁਹੀ ਵਡਿਆਈ ॥ ਮਾਇਆ ਮਗਨੁ ਨਰਕਿ ਲੈ ਜਾਈ ॥

[ਗਉੜੀ ਮਹਲਾ ੫, ਪੰਨਾ ੧੯੬

ਰਸਨਾ ਕਰਕੇ ਨਾਮ ਚਿਤਾਰਿਆਂ ਮਹਾਂ ਕਸ਼ਟ ਖਿਨ ਵਿਚ ਹੀ ਕਟੇ ਜਾਂਦੇ ਹਨ। ਨਾਮ ਲੀਨਾਰੇ ਨਰ ਸਦਾ ਹਰਿ-ਸਰਨਾਈ ਹੀ ਰਹਿੰਦੇ ਹਨ। ਇਥੇ ਸਦਾ ਹੀ ਸੀਤਲਤਾ, ਸਾਂਤ ਅਤੇ ਸੁਖ ਅਨੰਦ ਹੀ ਵਰਤਦਾ ਹੈ। ਨਾਮ ਜਨਮ ਜਨਮ ਦੀ ਜਲਦੀ ਅਗਨ ਨੂੰ ਨਿਵਾਰ ਦਿੰਦਾ ਹੈ ਅਤੇ ਗਰਭ-ਕੁੰਡ ਦੀ ਜਠਰਾਗਨ ਵਿਚ ਨਹੀਂ ਪੈਣ ਦਿੰਦਾ, ਨਾ ਹੀ ਨਰਕਾਂ ਵਿਚ ਗੋਤੇ ਖਾਣ ਦਿੰਦਾ ਹੈ; ਸਗੋਂ ਭਵਜਲੋਂ ਪਾਰ ਉਤਾਰ ਦਿੰਦਾ ਹੈ। ਯਥਾ ਗੁਰ-ਵਾਕ :—

ਮਹਾਂ ਕਸਟ ਕਾਟੈ ਖਿਨ ਭੀਤਰਿ ਰਸਨਾ ਨਾਮੁ ਚਿਤਾਰੇ ॥ ਸੀਤਲ ਸਾਂਤਿ ਸੂਖ ਹਰਿ ਸਰਣੀ ਜਲਤੀ ਅਗਨਿ ਨਿਵਾਰੇ ॥੧॥ ਗਰਭ ਕੁੰਡ ਨਰਕ ਤੇ ਰਾਖੈ ਭਵਜਲੁ ਪਾਰਿ ਉਤਾਰੇ ॥

[ਗਉੜੀ ਮ: ੫, ਪੰਨਾ ੨੧੦

ਜੋ ਸਾਕਤ ਨਰ ਨਾਮ ਸੰਗਿ ਮਨ ਬਚਨ ਕਰਮ ਕਰਕੇ ਪ੍ਰੀਤ ਨਹੀਂ ਲਾਉਂਦਾ ਉਹ ਚਾਹੇ ਕੋਟ ਕਰਮ ਕਰੇ, ਗੁਰਮਤਿ ਵਿਪਰਜੇ ਇਹਨਾਂ ਕੋਟ ਆਨਮਤ ਕਰਮਾਂ ਨੂੰ ਕਰਦਾ ਹੋਇਆ ਭੀ ਨਰਕ ਸਿਧਾਉਂਦਾ ਹੈ। ਯਥਾ ਗੁਰ-ਵਾਕ :—

ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ ॥ ਕੋਟਿ ਕਰਮ ਕਰਤੋ ਨਰਕਿ ਜਾਵੈ ॥੫॥ ਹਰਿ ਕਾ ਨਾਮੁ ਜਿਨਿ ਮਨਿ ਨ ਆਰਾਧਾ ॥ ਚੋਰ ਕੀ ਨਿਆਈ ਜਮਪੁਰਿ ਬਾਧਾ ॥੬॥

[ਗਉੜੀ ਮ: ੫, ਪੰਨਾ ੨੪੦

ਇਸ ਗੁਰ-ਵਾਕ ਦੀਆਂ ਪਿਛਲੀਆਂ ਪੰਗਤੀਆਂ ਦੱਸਦੀਆਂ ਹਨ ਕਿ ਜਿਸ ਨਰ ਨੇ ਸਚੀ ਸ਼ਰਧਾ ਸੰਯੁਕਤ (ਮਨ ਬਚਨ ਕਰਮ ਕਰਕੇ) ਵਾਹਿਗੁਰੂ-ਨਾਮ ਨਹੀਂ ਆਰਾਧਿਆ, ਉਹ ਚੋਰ ਦੀ ਨਿਆਈਂ ਬੰਨ੍ਹਿਆ ਹੋਇਆ ਜਮਪੁਰੀ ਵਿਚ ਲਿਜਾਇਆ ਜਾਂਦਾ ਹੈ। ਤਾਂ ਤੇ ਇਹ ਨੁਕਤਾ ਭੀ ਸਾਫ਼ ਹੋ ਗਿਆ ਕਿ ਜਮਪੁਰੀ ਭੀ ਗੁਪਤ ਦੁਨੀਆਂ ਦੀਆਂ ਪੁਰੀਆਂ ਵਾਂਗੂ ਇਕ ਪੁਰੀ ਹੈ। ਜਿਥੇ ਪਾਪੀ ਪੁਰਸ਼ ਚੋਰ ਦੀ ਨਿਆਈਂ ਮੁਸ਼ਕਾਂ ਕਸ ਕੇ ਲੈ ਜਾਏ ਜਾਂਦੇ ਹਨ ਅਤੇ ਜਮਾਂ ਦੇ ਵੱਸ ਪੈ ਜਾਂਦੇ ਹਨ। ਅਗਲੇ ਗੁਰ-ਵਾਕ, ਸਲੋਕ ਅਤੇ ਪਉੜੀ ਅੰਦਰ ਨਰਕ-ਨਿਰਵਾਰੀਆਂ ਦਾ ਸਪੱਸ਼ਟ



www.AKJ.Org

ਨਿਰਣਾ ਕੀਤਾ ਗਿਆ ਹੈ। ਯਥਾ ਗੁਰ-ਵਾਕ:—

ਸਲੋਕੁ ॥ ਨਾਨਕ ਨਾਮੁ ਨਾਮੁ ਜਪੁ ਜਪਿਆ, ਅੰਤਰਿ ਬਾਹਰਿ ਰੰਗਿ ॥ ਗੁਰਿ ਪੂਰੈ ਉਪਦੇਸਿਆ ਨਰਕੁ ਨਾਹਿ ਸਾਧ ਸੰਗਿ ॥੧॥

ਪਉੜੀ ॥ ਨੰਨਾ ਨਰਕਿ ਪਰਹਿ ਤੇ ਨਾਹੀ ॥ ਜਾ ਕੈ ਮਨਿ ਤਨਿ ਨਾਮੁ ਬਸਾਹੀ ॥ ਨਾਮੁ ਨਿਧਾਨੁ ਗੁਰਮੁਖਿ ਜੋ ਜਪਤੇ ॥ ਬਿਖੁ ਮਾਇਆ ਮਹਿ ਨਾ ਓਇ ਖਪਤੇ ॥ ਨੰਨਾਕਾਰੁ ਨਾ ਹੋਤਾ ਤਾ ਕਹੁ ॥ ਨਾਮ ਮੰਤ੍ਰੁ ਗੁਰਿ ਦੀਨੋ ਜਾ ਕਹੁ ॥ ਨਿਧਿ ਨਿਧਾਨ ਹਰਿ ਹਰਿ ਅੰਮ੍ਰਿਤ ਪੂਰੇ ॥ ਤਹ ਬਾਜੇ ਨਾਨਕ ਅਨਹਦ ਤੂਰੇ ॥੩੯॥ [ਬਾਵਨ ਅਖਰੀ, ਪੰਨਾ ੨੫੭

ਇਸ ਗੁਰਵਾਕ ਅੰਦਰ ਸਤਿਗੁਰ ਪੂਰੇ ਦਾ ਸੱਚ ਉਪਦੇਸ਼-ਮਈ ਐਲਾਨ ਹੈ ਕਿ ਨਾਮ ਹੀ ਨਾਮ, ਕੇਵਲ ਵਾਹਿਗੁਰੂ ਨਾਮ ਦਾ ਅੰਦਰੋਂ ਬਾਹਰੋਂ ਪ੍ਰੇਮ-ਜੋਤਿ-ਰੰਗਾਂ ਵਿਚ ਗੁਰੂ-ਘਰ ਦੀ ਸਤਿਸੰਗਤ ਵਿਖੇ ਮਿਲ ਕੇ ਜਾਪ ਜਪਿਆਂ ਐਸੀ ਸੁਰਖ਼ਰੂਈ ਹੈ ਕਿ ਅਗੇ ਗਇਆਂ ਭੀ ਮੁਖ ਉਜਲਾ ਹੀ ਹੈ। ਨਰਕ ਦਾ ਤੌਖ਼ਲਾ ਮੁਕਦਾ ਹੈ ਤਾਂ ਕੇਵਲ ਇਸ ਪ੍ਰਕਾਰ ਦਾ ਜੀਵਨ-ਜਨਮ ਬੀਤਿਆਂ ਹੀ ਮੁਕਦਾ ਹੈ। ਜਿਨ੍ਹਾਂ ਦੇ ਮਨ ਤਨ ਅੰਦਰ ਨਾਮ ਵਸਿਆ ਹੈ ਉਹ ਅਗੇ ਜਾ ਕੇ ਨਰਕਾਂ ਵਿਚ ਨਹੀਂ ਪੈਂਦੇ, ਕਿਉਂਕਿ ਨਾਮ ਨਿਧਾਨ ਜਪਣ ਕਰਕੇ ਗੁਰਮੁਖ ਜਨ ਵਿਖ ਰੂਪ ਮਾਇਆ ਵਿਚ ਉੱਕੇ ਹੀ ਖੱਚਤ ਨਹੀਂ ਹੁੰਦੇ। ਬਿਖਿਆ ਦੇ ਕੀੜੇ ਹੀ ਨਰਕਾਂ ਵਿਚ ਪੈਂਦੇ ਹਨ। ਸਤਿਗੁਰੂ ਦੇ ਪ੍ਰਸਾਦਿ ਕਰਿ ਜਿਨ੍ਹਾਂ ਨੂੰ ਨਾਮ ਗੁਰਮੰਤ੍ਰ ਮਿਲਿਆ ਹੈ ਤਿਨ੍ਹਾਂ ਨੂੰ ਕਿਸੇ ਗੁਣ ਦੀ ਕਮੀ ਨਹੀਂ ਰਹਿੰਦੀ। ਅਗੇ ਜਾ ਕੇ ਭੀ ਉਨ੍ਹਾਂ ਸਾਮ੍ਹਣੇ ਕੋਈ ਨਹੀਂ ਅੜਦਾ, ਕੋਈ ਨਨਕਾਰ ਨਹੀਂ ਕਰਦਾ। ਜੋ ਜਨ ਨਾਮ ਕਰਕੇ ਅੰਮ੍ਰਿਤ ਰੂਪੀ ਨਿਧ-ਨਿਧਾਨ ਦੇ ਪੂਰੇ ਭਾਂਡੇ ਹੋ ਜਾਂਦੇ ਹਨ ਤਿਸ ਅਵਸਥਾ ਤੇ ਪਹੁੰਚ ਕੇ ਤਿਨ੍ਹਾਂ ਦੇ ਦਸਮ ਦੁਆਰ ਅਨਹਦ ਕੀਰਤਨ ਦੇ ਨਾਦ ਵੱਜਣ ਲੱਗ ਪੈਂਦੇ ਹਨ, ਤਿਸ ਪਦ ਤੇ ਪੁਜ ਕੇ ਸਾਧ ਸੰਗਤ ਦੀ ਪਾਰਸ-ਭੇਟ ਦਾ ਸਦਕਾ ਜਿਨ੍ਹਾਂ ਨੇ ਦਸਮ ਦੁਆਰ ਦੀਖਤ ਦਾ ਮਰਮ ਪਛਾਣ ਲਿਆ ਹੈ, ਤਿਨ੍ਹਾਂ ਨੇ ਮਨ ਬਚਨ ਕਰਮ ਕਰਕੇ ਦੁਖ ਸੁਖ ਨੂੰ ਸਮਾਨ ਸਮਸਰ ਹੀ ਜਾਣਿਆ ਹੈ। ਉਹ ਜਨ ਨਰਕ ਸੁਰਗ ਦੇ ਝਮੇਲੇ ਤੋਂ ਅਪਰੰਪਰ ਪਦਵੀ ਵਿਚ ਜਾਇ ਪਰਵੇਸ਼ ਹੁੰਦੇ ਹਨ।

['ਅਣਡਿਠੀ ਦੁਨੀਆ' ਪੁਸਤਕ ਵਿਚੋਂ

—o—

# ਗੁਰਦਾਸਪੁਰ ਵਿਖੇ ਅਖੰਡ ਕੀਰਤਨ ਦੇ ਸਮਾਗਮ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ਹੀਦੀ ਗੁਰਪੁਰਬ ਸਮੇਂ ਗੁਰਦਾਸਪੁਰ ਵਿਖੇ ਹੇਠ ਲਿਖੇ ਅਨੁਸਾਰ ਸ੍ਰੀ ਅਖੰਡ ਪਾਠ, ਕੀਰਤਨ ਸਮਾਗਮ ਅਤੇ ਅੰਮ੍ਰਿਤ-ਸਿੰਚਾਰ ਹੋ ਰਹੇ ਹਨ। ਸੰਗਤਾਂ ਹਾਜ਼ਰੀਆਂ ਭਰ ਕੇ ਲਾਭ ਉਠਾਉਣ।

੫-੧੨-੭੫ ਸਵੇਰੇ ਕੀਰਤਨ ਉਪਰੰਤ ਸ੍ਰੀ ਅਖੰਡਪਾਠ ਅਰੰਭ ਮਾ: ਨਿਰੰਜਨ ਸਿੰਘ ਜੀ ਦੇ ਗ੍ਰਿਹ।

੬-੧੨-੭੫ ਸ਼ਾਮ ੬-੩੦ ਤੋਂ ੮-੩੦ ਕੀਰਤਨ ਗੁਰਦਵਾਰਾ ਮਈਆ ਮਿਸਤਰੀ।

੭-੧੨-੭੫ ਸ੍ਰੀ ਅਖੰਡਪਾਠ ਦੇ ਭੋਗ, ਉਪਰੰਤ ਕੀਰਤਨ ਆਸਾ ਦੀ ਵਾਰ ਗੁਰਦਵਾਰਾ ਫ਼ਾਟਕ ਵਾਲਾ।
ਸਵੇਰੇ ੧੦-੦੦ ਵਜੇ ਨਗਰ ਕੀਰਤਨ ਗੁਰਦਵਾਰਾ ਫ਼ਾਟਕ ਵਾਲੇ ਤੋਂ ਅਰੰਭ।
ਰਾਤ ੮-੦੦ ਵਜੇ ਅਰੰਭ ਰੈਣ-ਸਬਾਈ ਕੀਰਤਨ ਗੁਰਦਵਾਰਾ ਸਾਹਿਬ ਤਿਬੜੀ ਰੋਡ।

**ਅੰਮ੍ਰਿਤ-ਸਿੰਚਾਰ:**—੭-੧੨-੭੫ ਸ਼ਾਮ ਨੂੰ ੬ ਵਜੇ ਅਰੰਭ ਹੋਵੇਗਾ।

ਪੁਛ ਗਿਛ—ਮਾ: ਨਿਰੰਜਨ ਸਿੰਘ
ਲਾਗੇ ਚੁੰਗੀ ਤਿਬੜੀ ਰੋਡ, ਗੁਰਦਾਸਪੁਰ

ਦਾਸਰੇ—ਅਖੰਡ ਕੀਰਤਨੀ ਜੱਥਾ, ਗੁਰਦਾਸਪੁਰ



www.AKJ.Org

# ਸਾਡਾ ਗੁਰੂ ਕੌਣ ਹੈ ?

[ਵਲੋਂ:—ਗਿਆਨੀ ਦੀਦਾਰ ਸਿੰਘ ਜੀ, ਰੋਪੜ]

ਹਿੰਦੂ ਵੀਰ ਕਹਿੰਦੇ ਹਨ, "ਬੋਲ ਕ੍ਰਿਸ਼ਨ ਭਗਵਾਨ ਕੀ ਜੈ" ਜਾਂ "ਬੋਲ ਸੀਤਾ ਪਤੀ ਰਾਮ ਚੰਦਰ ਕੀ ਜੈ" ਪਰ ਕਦੇ ਕਿਸੇ ਸਿਖ ਨੇ ਇਹ ਨਹੀਂ ਕਿਹਾ, ਬੋਲ ਗੁਰੂ ਨਾਨਕ ਦੇਵ ਕੀ ਜੈ ਜਾਂ ਬੋਲ ਗੁਰੂ ਗੋਬਿੰਦ ਸਿੰਘ ਕੀ ਜੈ ।

ਇਸ ਦਾ ਕਾਰਨ ਇਹ ਹੈ ਕਿ "ਪਾਰਬ੍ਰਹਮ ਗੁਰ ਨਾਹੀ ਭੇਦ" ਅਤੇ "ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ" ਅਨੁਸਾਰ ਦਸ ਗੁਰੂ ਸਾਹਿਬਾਨ ਭਾਵੇਂ ਆਪ ਰਬ ਰੂਪ ਹੀ ਸਨ ਪਰ ਉਨ੍ਹਾਂ ਨੇ ਆਪਣੇ ਆਪ ਨੂੰ "ਪਰਮ ਪੁਰਖ ਕਾ ਦਾਸ" ਹੀ ਕਿਹਾ । ਉਨ੍ਹਾਂ ਨੇ ਸਾਨੂੰ ਸਿਖਾਂ ਨੂੰ ਆਪਣੇ ਲੜ ਨਹੀਂ ਲਾਇਆ, ਸਗੋਂ ਉਸ ਅਕਾਲ ਪੁਰਖ ਦੇ ਲੜ ਲਾਇਆ ਜਿਸ ਨੂੰ ਉਹ ਆਪ, ਆਪਣਾ ਗੁਰੂ ਮੰਨਦੇ ਹਨ ।

ਜੇ ਉਨ੍ਹਾਂ ਸਾਨੂੰ ਆਪਣੇ ਲੜ ਲਾਇਆ ਹੁੰਦਾ ਤਾਂ ਅਸੀਂ ਵੀ ਜ਼ਰੂਰ ਕਹਿੰਦੇ ਕਿ ਬੋਲ ਗੁਰੂ ਗੋਬਿੰਦ ਸਿੰਘ ਕੀ ਜੈ । ਮਹਾਰਾਜ ਇਸ ਨੂੰ ਹੋਰ ਸਪੱਸ਼ਟ ਕਰਦੇ ਹੋਏ ਕਹਿੰਦੇ ਹਨ :—

ਖਾਲਸਾ ਅਕਾਲ ਪੁਰਖ ਕੀ ਫੌਜ ॥
ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ ॥

ਭਾਵ:—ਖਾਲਸਾ ਅਕਾਲ ਪੁਰਖ (ਪ੍ਰਮਾਤਮਾ) ਦੀ ਫੌਜ ਹੈ ਅਤੇ ਪ੍ਰਮਾਤਮਾ ਦੇ ਹੁਕਮ ਅਨੁਸਾਰ ਹੀ ਖਾਲਸਾ ਪਰਗਟ ਹੋਇਆ ਹੈ । ਇਸ ਤੋਂ ਸਪੱਸ਼ਟ ਹੋਇਆ ਕਿ ਅਸੀਂ ਖਾਲਸਾ ਅਖਵਾਉਣ ਵਾਲੇ ਉਸੇ ਅਕਾਲ ਪੁਰਖ ਦੇ ਹੀ ਪੁਜਾਰੀ ਹਾਂ ਜਿਸ ਦੇ ਹੁਕਮ ਨਾਲ ਅਸੀਂ ਪਰਗਟ ਹੋਏ ਹਾਂ ।

ਇਸ ਗੱਲ ਨੂੰ ਯਾਦ ਰੱਖਣ ਲਈ ਜਦ ਵੀ ਅਸੀਂ ਇਕ ਦੂਜੇ ਨੂੰ ਮਿਲਦੇ ਹਾਂ ਤਾਂ "ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹ" ਕਹਿ ਕੇ ਦੁਹਰਾਉਂਦੇ ਹਾਂ ਅਤੇ ਪਕਾਉਂਦੇ ਹਾਂ ਕਿ ਅਸੀਂ ਇਕ ਅਕਾਲ ਪੁਰਖ (ਵਾਹਿਗੁਰੂ) ਦੇ ਹੀ ਹਾਂ, ਹੋਰ ਕਿਸੇ ਦੇ ਨਹੀਂ ।

ਸੋ ਜਿਸ ਵਾਹਿਗੁਰੂ ਦੇ ਅਸੀਂ ਹਾਂ, ਉਹੋ ਵਾਹਿਗੁਰੂ ਹੀ ਸਾਡਾ ਗੁਰੂ ਹੈ ।

ਉਪਰ ਅਸੀਂ ਦੱਸ ਆਏ ਹਾਂ ਕਿ ਗੁਰੂ ਸਾਹਿਬਾਨ ਨੇ ਸਾਨੂੰ ਉਸ ਅਕਾਲ-ਪੁਰਖ ਦੇ ਲੜ ਲਾਇਆ ਹੈ ਜਿਸ ਨੂੰ ਉਹ ਆਪ ਆਪਣਾ ਗੁਰੂ ਮੰਨਦੇ ਸਨ । ਗੁਰੂ ਨਾਨਕ ਪਾਤਸ਼ਾਹ ਆਪਣੇ ਗੁਰੂ ਬਾਰੇ ਆਪ ਸਪੱਸ਼ਟ ਕਰ ਗਏ ਹਨ:—

ਸਤਿਗੁਰੁ ਮੇਰਾ ਸਦਾ ਸਦਾ, ਨਾ ਆਵੈ ਨਾ
ਜਾਇ ॥ ਓਹੁ ਅਬਿਨਾਸੀ ਪੁਰਖੁ ਹੈ, ਸਭ
ਮਹਿ ਰਹਿਆ ਸਮਾਇ ॥ [ਪੰਨਾ ੭੫੯

ਭਾਵ:—ਮੇਰਾ ਸੱਚਾ ਗੁਰੂ (ਪ੍ਰਮਾਤਮਾ) ਸਦਾ (ਹਮੇਸ਼ਾ) ਰਹਿਣ ਵਾਲਾ ਹੈ । ਉਹ ਜਨਮ ਮਰਨ ਵਿਚ ਨਹੀਂ ਆਉਂਦਾ । ਉਹ ਨਾਸ਼ ਰਹਿਤ ਹੈ । ਭਾਵ, ਕਦੇ ਮਰਦਾ ਜਾਂ ਖ਼ਤਮ ਨਹੀਂ ਹੁੰਦਾ ਅਤੇ ਸਾਰੀਆਂ ਸ਼ਕਤੀਆਂ ਦਾ ਮਾਲਕ ਵੀ ਹੈ ਅਤੇ ਸਾਰਿਆਂ ਵਿਚ ਸਮਾਇਆ ਹੋਇਆ ਹੈ ।

ਦਸਵੇਂ ਗੁਰੂ ਨਾਨਕ ਪਾਤਸ਼ਾਹ ਹੋਰ ਸਪੱਸ਼ਟ ਕਰਦੇ ਹਨ :—

ਆਦਿ ਅੰਤ ਏਕੈ ਅਵਤਾਰਾ ॥
ਸੋਈ ਗੁਰੂ ਸਮਝਿਓ ਹਮਾਰਾ ॥

ਭਾਵ:—ਆਦਿ (ਸ਼ੁਰੂ) ਤੋਂ ਲੈ ਕੇ ਅੰਤ (ਅਖੀਰ) ਤਕ ਰਹਿਣ ਵਾਲੇ (ਪ੍ਰਭੂ) ਨੂੰ ਹੀ ਗੁਰੂ ਗੋਬਿੰਦ ਸਿੰਘ ਜੀ ਆਪਣਾ ਗੁਰੂ ਕਹਿੰਦੇ ਹਨ ।

ਸੋ ਸਿੱਧ ਹੋਇਆ ਕਿ ਜੋ ਪ੍ਰਭੂ (ਅਕਾਲ ਪੁਰਖ) ਜਾਂ ਵਾਹਿਗੁਰੂ ਦਸ ਪਾਤਸ਼ਾਹੀਆਂ ਦਾ ਗੁਰੂ ਹੈ, ਉਹੋ ਅਕਾਲ ਪੁਰਖ (ਰੱਬ) ਸਾਡੇ ਸਿੱਖਾਂ ਦਾ ਵੀ ਗੁਰੂ ਹੈ ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਗੁਰੂ ਨੇ ਉਪਦੇਸ਼ ਦੇਣਾ ਹੁੰਦਾ ਹੈ । ਪਰ ਰੱਬ ਤਾਂ ਨਿਰਾਕਾਰ ਹੈ । ਉਸ ਦੀ ਕੋਈ ਸ਼ਕਲ-ਸੂਰਤ ਨਹੀਂ, ਕੋਈ ਚਿਹਨ-ਚੱਕਰ ਨਹੀਂ । ਫਿਰ ਉਹ ਉਪਦੇਸ਼ ਕਿਸ ਤਰ੍ਹਾਂ ਦੇ ਸਕਦਾ ਹੈ ?

ਇਹ ਭੇਦ ਵੀ ਗੁਰੂ ਨਾਨਕ ਪਾਤਸ਼ਾਹ ਆਪ ਖੋਲ੍ਹ



www.AKJ.Org

ਗਏ ਹਨ । ਉਹ ਕਹਿ ਗਏ ਹਨ:—

ਜੈਸੀ ਮੈ ਆਵੈ ਖਸਮ ਕੀ ਬਾਣੀ, ਤੈਸੜਾ ਕਰੀ ਗਿਆਨ ਵੇ ਲਾਲੋ ॥ [ਪੰਨਾ ੭੨੨

ਭਾਵ :—ਹੇ ਲਾਲੋ ! ਜਿਸ ਤਰ੍ਹਾਂ ਮੇਰੇ ਮਾਲਕ (ਪ੍ਰਭੂ) ਵਲੋਂ ਬਾਣੀ ਆ ਰਹੀ ਹੈ ਮੈਂ ਉਹੋ ਹੀ ਗਿਆਨ ਕਰ ਰਿਹਾ ਹਾਂ ।

ਹਉ ਆਪਹੁ ਬੋਲਿ ਨ ਜਾਣਦਾ, ਮੈ ਕਹਿਆ ਸਭੁ ਹੁਕਮਾਉ ਜੀਉ ॥ [ਪੰਨਾ ੭੬੩

ਨਾਨਕੁ ਬੋਲੈ ਤਿਸ ਕਾ ਬੋਲਾਇਆ ॥ [ਪੰਨਾ ੧੨੭੧

ਭਾਵ :—ਗੁਰੂ ਨਾਨਕ ਦੇਵ ਉਸ ਪ੍ਰਭੂ ਦੇ ਬੋਲਾਏ ਹੋਏ ਹੀ (ਬਾਣੀ) ਬੋਲ ਰਹੇ ਹਨ ।

ਸ੍ਰੀ ਦਸਮੇਸ਼ ਜੀ ਹੋਰ ਸਪੱਸ਼ਟ ਕਰਦੇ ਹਨ :—

ਜੋ ਨਿਜ ਪ੍ਰਭ ਮੋ ਸੋ ਕਹਾ, ਸੋ ਕਹਿਹੋਂ ਜਗ ਮਾਹਿ ॥

ਇਹੋ ਜਿਹੀਆਂ ਗੁਰਬਾਣੀ ਦੀਆਂ ਅਨੇਕ ਪੰਗ-ਤੀਆਂ ਤੋਂ ਜ਼ਾਹਿਰ ਹੁੰਦਾ ਹੈ ਕਿ ਜੋ ਕੁਝ ਅਕਾਲ ਪੁਰਖ ਨੇ ਗੁਰੂ ਸਾਹਿਬ ਤੋਂ ਅਖਵਾਇਆ, ਗੁਰੂ ਸਾਹਿਬਾਂ ਨੇ ਉਹੋ ਕੁਝ ਕਿਹਾ (ਅਤੇ ਉਸੇ ਅਨੁਸਾਰ ਕੀਤਾ) ।

ਜਨਮਸਾਖੀ ਵਿਚ ਵੀ ਲਿਖਿਆ ਹੈ ਕਿ ਜਦ ਮਹਾਰਾਜ ਗੁਰੂ ਨਾਨਕ ਦੇਵ ਜੀ ਨੂੰ ਪ੍ਰਮਾਤਮਾ ਵਲੋਂ ਬਾਣੀ ਆਉਂਦੀ ਸੀ ਤਾਂ ਆਪ ਜੀ ਮਰਦਾਨੇ ਨੂੰ ਕਹਿੰਦੇ ਸਨ :—

ਮਰਦਾਨਿਆ ! ਵਜਾ ਰਬਾਬ, ਬਾਣੀ ਆਈ ਹੈ ।

ਇਸ ਤੋਂ ਸਾਫ਼ ਸਪੱਸ਼ਟ ਹੋਇਆ ਕਿ ਗੁਰੂ ਸਾਹਿਬਾਨ, ਅਕਾਲ ਪੁਰਖ ਸਿਰਜਨਹਾਰ ਵੱਲੋਂ ਮਿਲਿਆ ਉਪਦੇਸ਼ ਬਾਣੀ ਰਾਹੀਂ ਪਰਗਟ ਕਰਦੇ ਸਨ । ਜਾਂ ਇਉਂ ਕਹਿ ਲਵੋ, ਅਕਾਲ ਪੁਰਖ ਜੋ ਸਾਡਾ ਮਹਾਨ ਗੁਰੂ ਹੈ, ਉਸ ਦੇ ਉਪਦੇਸ਼ ਸਤਿਗੁਰਾਂ ਰਾਹੀਂ ਪਰਗਟ ਹੋਏ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਕੱਠੇ ਕੀਤੇ ਗਏ । ਗੁਰੂ ਅਤੇ ਉਸ ਦੇ ਉਪਦੇਸ਼ ਇਕੋ ਗੱਲ ਹੁੰਦੀ ਹੈ, ਇਸੇ ਲਈ ਗੁਰ ਉਪਦੇਸ਼ (ਗੁਰਬਾਣੀ) ਸਾਡਾ ਗੁਰੂ ਹੈ ।

ਸ੍ਰੀ ਗੁਰੂ ਤੇਗ ਬਹਾਦਰ ਜੀ ਇਸ ਨੂੰ ਹੋਰ ਸਪੱਸ਼ਟ ਕਰਦੇ ਹਨ :—

ਜਿਹ ਬਿਧਿ ਗੁਰ ਉਪਦੇਸਿਆ, ਸੋ ਸੁਨੁ ਰੇ ਭਾਈ ॥ [ਪੰਨਾ ੭੨੭

ਭਾਵ:—ਹੇ ਭਾਈ ! ਜਿਸ ਪਰਕਾਰ ਗੁਰੂ (ਅਕਾਲ ਪੁਰਖ) ਨੇ ਮੈਨੂੰ (ਗੁਰੂ ਤੇਗ ਬਹਾਦਰ ਜੀ ਨੂੰ) ਉਪਦੇਸਿਆ ਹੈ,ਭਾਵ ਉਪਦੇਸ਼ ਦਿਤਾ ਹੈ ਉਸ ਉਪਦੇਸ਼ ਨੂੰ ਤੂੰ ਵੀ ਸੁਣ ।

ਇਹ ਇਕ ਮੰਨਿਆ ਪਰਮੰਨਿਆ ਸਿਧਾਂਤ ਹੈ ਕਿ ਜੋ ਕਿਸੇ ਗੁਰੂ ਦਾ ਇਸ਼ਟ ਹੁੰਦਾ ਹੈ ਉਹੋ ਇਸ਼ਟ ਗੁਰੂ ਦੇ ਸਿਖਾਂ ਦਾ ਹੁੰਦਾ ਹੈ । ਇਸੇ ਆਧਾਰ ਉਤੇ ਪੰਜਵੇਂ ਗੁਰੂ ਨਾਨਕ ਜੋ ਉਪਦੇਸ਼ ਸਾਨੂੰ ਸੁਣਾਉਣਾ ਚਾਹੁੰਦੇ ਹਨ ਉਸੇ ਉਪਦੇਸ਼ ਨਾਲ ਆਪਣੇ ਮਨ ਨੂੰ ਵੀ ਸਮਝਾਉਂਦੇ ਹੋਏ ਕਹਿੰਦੇ ਹਨ :—

ਜਪਿ ਮਨ ਮੇਰੇ ਗੋਵਿੰਦ ਕੀ ਬਾਣੀ ॥ [੧੯੨

ਗੁਰੂ ਸਾਹਿਬ ਆਪਣੇ ਬਾਰੇ ਹੋਰ ਕਹਿੰਦੇ ਹਨ:—

ਮੈ ਗੁਰਬਾਣੀ ਆਧਾਰੁ ਹੈ, ਗੁਰਬਾਣੀ ਲਾਗਿ ਰਹਾਉ ॥ [ਪੰਨਾ ੭੫੯

ਭਾਵ :- ਮੇਰਾ ਆਸਰਾ ਗੁਰਬਾਣੀ ਹੈ ਅਤੇ ਇਸੇ ਲਈ ਮੈਂ ਚਾਹੁੰਦਾ ਹਾਂ ਕਿ ਮੈਂ ਗੁਰਬਾਣੀ ਨਾਲ ਲਗਾ ਰਵਾਂ, ਅਰਥਾਤ ਗੁਰੂ ਸਾਹਿਬ ਗੁਰਬਾਣੀ ਨਾਲ ਜੁੜੇ ਰਹਿਣਾ ਚਾਹੁੰਦੇ ਹਨ ।

ਜਨੁ ਨਾਨਕੁ ਬੋਲੈ ਗੁਣ ਬਾਣੀ, ਗੁਰਬਾਣੀ ਹਰਿ ਨਾਮਿ ਸਮਾਇਆ ॥ [ਪੰਨਾ ੪੯੪

ਭਾਵ :—ਦਾਸ ਨਾਨਕ, ਬਾਣੀ ਦੇ ਗੁਣ ਬੋਲਦਾ ਹੈ (ਦਸਦਾ ਹੈ ਕਿ ਗੁਰਬਾਣੀ ਵਿਚ ਹਰੀ (ਪ੍ਰਭੂ) ਦਾ ਨਾਮ ਸਮਾਇਆ ਹੋਇਆ ਹੈ । ਇਸੇ ਕਰਕੇ ਇਹ:—

ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥ [ਪੰਨਾ ੬੨੮

ਅਤੇ—ਗੁਰ ਕੀ ਬਾਣੀ ਜਿਸੁ ਮਨਿ ਵਸੈ ॥ ਦੂਖ ਦਰਦੁ ਸਭੁ ਤਾ ਕਾ ਨਸੈ ॥ [ਪੰਨਾ ੧੩੩੯-੪੦

ਗੁਰੂ ਸਾਹਬ ਗੁਰਬਾਣੀ ਦੇ ਗੁਣ ਕੇਵਲ ਦਸਦੇ ਹੀ ਨਹੀਂ ਸਗੋਂ ਆਪਣਾ ਨਿਜੀ ਤਜਰਬਾ (Personal Experience) ਦਸਦੇ ਹੋਏ ਹੋਰ ਕਹਿੰਦੇ ਹਨ :—

ਗੁਰਬਾਣੀ ਸੁਨਤ ਮੇਰਾ ਮਨੁ ਦ੍ਰਵਿਆ ॥ [੧੩੦੮



www.AKJ.Org

ਦ੍ਵਿਆ ਦਾ ਅਰਥ ਹੈ = ਪਤੀਜ ਗਿਆ ਜਾਂ ਸੰਤੁਸ਼ਟ ਹੋ ਗਿਆ।

ਅਤੇ—ਸਤਿਗੁਰ ਬਚਨਿ ਮੇਰੋ ਮਨੁ ਮਾਨਿਆ, ਹਰਿ
ਪਾਏ ਪ੍ਰਾਨ ਅਧਾਰਾ ॥ [ਪੰਨਾ ੧੧੯੮

ਜਿਹੜੇ ਸਤਿਗੁਰ ਦੇ ਬਚਨਾਂ ਨਾਲ ਗੁਰੂ ਸਾਹਿਬਾਂ ਦਾ ਆਪਣਾ ਮਨ ਪਤੀਜ ਗਿਆ ਉਹ ਸਤਿਗੁਰੂ ਅਕਾਲ ਪੁਰਖ ਵਾਹਿਗੁਰੂ ਹੈ। ਸੋ ਸਿਧ ਹੋਇਆ ਕਿ ਸੱਚਾ ਗੁਰੂ ਅਕਾਲ ਪੁਰਖ ਹੈ ਅਤੇ ਉਸ ਦੇ ਬਚਨ ਉਸ ਦਾ ਹੀ ਰੂਪ ਹਨ। ਇਨ੍ਹਾਂ ਦੋਹਾਂ ਵਿਚ ਕੋਈ ਫ਼ਰਕ ਨਹੀਂ। ਇਸੇ ਕਰਕੇ ਲਿਖਿਆ ਹੋਇਆ ਹੈ:—

ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ
ਅਵਰੁ ਨ ਕੋਇ ॥ [ਪੰਨਾ ੫੧੫

ਸਤਿਗੁਰ ਬਚਨ, ਬਚਨ ਹੈ ਸਤਿਗੁਰ, ਪਾਧਰ
ਮੁਕਤਿ ਜਨਾਵੈ ਗੋ ॥ [ਪੰਨਾ ੧੩੧੦

ਸਤਿਗੁਰੂ ਕੌਣ ਹੈ? ਇਹ ਅਗੇ ਦਸਿਆ ਜਾ ਚੁਕਾ ਹੈ ਕਿ ਜੋ ਨ ਆਂਦਾ ਹੈ ਨ ਜਾਂਦਾ ਹੈ ਅਤੇ ਸਾਰਿਆਂ ਵਿਚ ਸਮਾਇਆ ਹੋਇਆ ਹੈ, ਉਹੋ ਸਤਿਗੁਰੂ ਹੈ। ਉਸ ਸਤਿਗੁਰੂ ਅਤੇ ਉਸ ਦੇ ਬਚਨਾਂ ਵਿਚ ਕੋਈ ਭੇਦ ਨਹੀਂ, ਕੋਈ ਫ਼ਰਕ ਨਹੀਂ। ਇਹ ਬਚਨ (ਗੁਰਬਾਣੀ) ਹੀ ਮੁਕਤੀ ਦਾ ਰਸਤਾ ਜਣਾਉਂਦੇ ਹਨ। ਇਸ ਲਈ ਇਹ ਗੁਰਬਾਣੀ ਸਾਡਾ ਗੁਰੂ ਹੈ।

ਭਾਈ ਗੁਰਦਾਸ ਜੀ ਨੇ ਵਾਰ ਨੰਬਰ ੨੪ ਵਿਚ ਸਪੱਸ਼ਟ ਲਿਖਿਆ ਹੈ:—

ਗੁਰ ਮੂਰਤਿ, ਗੁਰ ਸਬਦੁ ਹੈ [ਪਉੜੀ ੧੧ ਤੇ ੨੫

ਗੁਰੂ ਦੀ ਮੂਰਤਿ ਗੁਰੂ ਦਾ ਸ਼ਬਦ (ਬਚਨ ਜਾਂ ਗੁਰਬਾਣੀ) ਹੈ। **ਪਰ ਅਸੀਂ ਐਸੇ ਬੇਸਮਝ ਹਾਂ ਕਿ ਸ਼ਬਦ (ਗੁਰਬਾਣੀ) ਨੂੰ ਸਮਝਣ, ਵੀਚਾਰਨ ਤੇ ਅਮਲ ਵਿਚ ਲਿਆ ਕੇ ਮੁਕਤੀ ਪ੍ਰਾਪਤ ਕਰਨ ਦੀ ਥਾਂ ਗੁਰੂ ਸਾਹਿਬਾਂ ਦੀਆਂ ਵੱਖ ਵੱਖ ਤਰ੍ਹਾਂ ਦੀ ਬਣੀਆਂ ਝੂਠੀਆਂ ਤਸਵੀਰਾਂ ਨੂੰ ਹੀ ਮਥੇ ਟੇਕਣ ਲਗ ਪਏ ਹਾਂ।**

ਉਦਾਹਰਣ ਵਜੋਂ ਉਹ ਆਦਮੀ ਜਿਸ ਨੇ ਸਾਡੇ ਪਿਤਾ ਨੂੰ ਵੇਖਿਆ ਹੀ ਨਾ ਹੋਵੇ, ਜੇ ਉਹ ਇਕ ਮੂਰਤ ਬਣਾ ਕੇ ਸਾਨੂੰ ਆਖੇ ਕਿ ਇਹ ਤੁਹਾਡੇ ਪਿਤਾ ਦੀ ਫ਼ੋਟੂ ਹੈ, ਤਾਂ ਕੀ ਅਸੀਂ ਇਹ ਠੀਕ ਮੰਨ ਲਵਾਂਗੇ? ਸਿਆਣਾ ਆਦਮੀ ਤਾਂ ਕਦੀ ਇਹ ਸਚ ਨਹੀਂ ਮੰਨੇਗਾ।

ਇਸ ਤਰ੍ਹਾਂ ਇਨ੍ਹਾਂ ਚਿਤਰਕਾਰ, ਫ਼ੋਟੂਆਂ ਬਣਾਉਣ ਵਾਲਿਆਂ ਨੇ ਕਿਸੇ ਗੁਰੂ ਸਾਹਿਬ ਦੇ ਦਰਸ਼ਨ ਤਾਂ ਕੀਤੇ ਨਹੀਂ ਪਰ ਪੈਸੇ ਬਟੋਰਨ ਖ਼ਾਤਰ ਮਨੋ-ਕਲਪਿਤ ਤਸਵੀਰਾਂ ਬਣਾਈ ਜਾਂਦੇ ਹਨ ਅਤੇ ਦੁਕਾਨਦਾਰ ਵੇਚੀ ਜਾਂਦੇ ਹਨ। ਅਗੋਂ ਅਸੀਂ ਧੜਾ-ਧੜ ਖ਼ਰੀਦੀ ਜਾ ਰਹੇ ਹਾਂ। ਭੁਲਦੇ ਜਾ ਰਹੇ ਹਾਂ ਕਿ:—

"ਗੁਰ ਮੂਰਤਿ, ਗੁਰ ਸਬਦੁ ਹੈ"

ਗੁਰ ਸ਼ਬਦ ਦਾ ਅਰਥ ਹੈ = ਗੁਰੂ ਦੇ ਬੋਲ ਅਰਥਾਤ ਗੁਰਬਾਣੀ। ਗੁਰੂ ਸਾਹਿਬ ਕਹਿੰਦੇ ਹਨ ਕਿ ਇਹ ਬਾਣੀ ਜਿਸ ਦੇ ਮਨ ਵਿਚ ਵਸੇਗੀ ਉਸੇ ਦੇ ਸਾਰੇ ਦੁਖ ਦੂਰ ਹੋਣਗੇ:—

ਗੁਰ ਕੀ ਬਾਣੀ ਜਿਸੁ ਮਨਿ ਵਸੈ ॥ ਦੂਖੁ ਦਰਦੁ
ਸਭੁ ਤਾ ਕਾ ਨਸੈ ॥੧॥ [੧੩੯੦

ਗੁਰਬਾਣੀ ਦਾ ਮਨ ਵਿਚ ਵੱਸਣ ਤੋਂ ਭਾਵ ਗੁਰਬਾਣੀ ਅਨੁਸਾਰ ਜੀਵਨ ਬਿਤਾਉਣਾ ਹੈ। ਜਾਂ ਗੁਰਬਾਣੀ ਨੂੰ ਜੀਵਨ (ਜ਼ਿੰਦਗੀ) ਵਿਚ ਕਮਾਉਣਾ ਹੈ। ਗੁਰਬਾਣੀ ਕਹਿੰਦੀ ਹੈ:—

(੧) ਹਕੁ ਪਰਾਇਆ ਨਾਨਕਾ, ਉਸੁ ਸੂਅਰੁ
ਉਸੁ ਗਾਇ ॥

ਪਰਾਇਆ ਹੱਕ ਮੁਸਲਮਾਨਾਂ ਲਈ ਸੂਰ ਅਤੇ ਹਿੰਦੂਆਂ ਲਈ ਗਊ ਬਰਾਬਰ ਹੈ। ਪਰ ਆਓ! ਅਜ ਵੇਖੀਏ ਕਿ ਅਸੀਂ ਕਿਤਨੇ ਕੁ ਐਸੇ ਹਾਂ ਜਿਨ੍ਹਾਂ ਦਾ ਧਿਆਨ ਪਰਾਏ ਧਨ ਵਲ ਨਹੀਂ? ਕਿਤਨੇ ਕੁ ਆਦਮੀ ਅਸੀਂ ਐਸੇ ਹਾਂ ਜੋ ਦੂਸਰੇ ਦੇ ਹੱਕ ਨੂੰ ਕਿਸੇ ਨ ਕਿਸੇ ਬਹਾਨੇ (ਮਿਲਾਵਟ ਕਰ ਕੇ, ਵਧ ਮੁਨਾਫ਼ਾ ਲੈ ਕੇ, ਰਿਸ਼ਵਤ, ਚਲਾਕੀ ਜਾਂ ਹੇਰਾ ਫੇਰੀ ਨਾਲ) ਦਬਾਉਣ ਦੀ ਕੋਸ਼ਸ਼ ਨਹੀਂ ਕਰਦੇ।

(੨) ਮਹਾਰਾਜ ਕਹਿੰਦੇ ਹਨ:—

ਭੋਲਿਆ ਹਉਮੈ ਸੁਰਤਿ ਵਿਸਾਰਿ ॥ [੧੧੯੮

ਹੇ ਭੋਲੇ ਮਨੁੱਖ! ਹੰਕਾਰ ਵਾਲੀ ਬਿਰਤੀ ਛੱਡ। ਪਰ ਸਾਡੀ ਤਾਂ ਹਰ ਗੱਲ ਹੰਕਾਰ ਵਾਲੀ ਹੈ, ਹਰ ਗੱਲ ਆਪਾ ਜਤਾਉਣ ਵਾਲੀ, ਆਪਾ ਵਡਿਆਉਣ ਵਾਲੀ,



www.AKJ.Org

# ਤੇਗ ਬਹਾਦਰ ਸੀ ਕ੍ਰਿਆ, ਕਰੀ ਨ ਕਿਨਹੂ ਆਨ

[ਵਲੋਂ :–ਗਿਆਨੀ ਗੋਪਾਲ ਸਿੰਘ ਜੀ 'ਮਿੱਤਰ', ਮਾਲਬ (ਗੁੜਗਾਉਂ) ]

ਦੇਗ ਤੇਗ਼ ਧਨੀ ਨੌਵੇਂ ਪਾਤਸ਼ਾਹ ਸਾਨੀ ਤੇਰਾ, ਅਜ ਤੀਕ ਆਇਆ ਨਹੀਂ ਕੋਈ ਸੰਸਾਰ ਤੇ ।
ਹਿੰਦੂ ਕੌਮ ਹੋਈ ਸੀ ਨਿਮਾਣੀ ਤੇ ਨਿਤਾਣੀ ਜਦੋਂ, ਗੜੇ-ਮਾਰ ਹੋ ਰਹੀ ਸੀ ਏਸ ਦੀ ਬਹਾਰ ਤੇ ।
ਸੰਤ-ਸਾਧ, ਰਿਸ਼ੀ, ਮੁਨੀ ਚੁੱਪ ਚਾਪ ਵੇਖਦੇ ਸੀ, ਕਿਸੇ ਨੂੰ ਨ ਆਇਆ ਤਰਸ ਏਸ ਦੁਖਿਆਰ ਤੇ ।
ਬਾਂਹ ਫੜੀ ਦੁਖੀਆਂ ਦੀ, ਹੰਝੂ ਪੂੰਝੇ ਰੋਂਦਿਆਂ ਦੇ, ਧਰਮ-ਬੇੜੀ ਡੁੱਬਦੀ ਬਚਾਈ ਆਪਾ ਵਾਰ ਕੇ ।

ਤੇਰੀ ਕੁਰਬਾਨੀ ਨੇ ਜੋ ਰੰਗ ਲਾਇਆ ਜੱਗ ਡਿੱਠਾ, ਚਲ ਪਿਆ ਸ਼ਹੀਦੀਆਂ ਦਾ ਦੌਰ ਅਣਖ ਆਣ ਲਈ ।
ਬੰਦ ਬੰਦ ਕਟਾਏ ਕਿਸੇ ਖੋਪਰੇ ਲੁਹਾਏ, ਕਈ ਚਰਖੜੀਆਂ ਤੇ ਚੜ੍ਹੇ ਦੇਸ਼, ਧਰਮ ਸ੍ਵੈਮਾਨ ਲਈ ।
ਸੁਤੇ ਹੋਏ ਬੀਰ-ਮਨੋ ਭਾਵਾਂ ਅੰਗੜਾਈ ਲਈ, ਦਸਮ ਪਿਤਾ ਤੇਗ਼ ਫੜੀ ਦੇਸ਼ ਨੂੰ ਬਚਾਣ ਲਈ ।
ਜੜ੍ਹੋਂ ਪੁਟ ਦਿਤਾ ਜ਼ੁਲਮ-ਰਾਜ ਸੱਤਾਂ ਪੀੜ੍ਹਿਆਂ ਦਾ, ਸੁਖ ਦੇ ਦਿਹਾੜੇ ਆਏ 'ਮਿੱਤਰ' ਹਿੰਦੁਸਤਾਨ ਲਈ ।

---

[ ਸਫ਼ਾ ੧੪ ਦੀ ਬਾਕੀ ]

ਆਪਾ ਦਰਸਾਉਣ ਵਾਲੀ ਹੈ ।

(੩) ਮਹਾਰਾਜ ਉਪਦੇਸ਼ ਦੇਂਦੇ ਹਨ :—

ਛੋਡਹੁ ਕਾਮ ਕ੍ਰੋਧੁ ਬੁਰਿਆਈ ॥ [੧੦੨੯

ਪਰ ਸਾਡੇ ਕਾਮ ਕ੍ਰੋਧ (ਗੁਸਾ) ਅਤੇ ਬੁਰੇ ਖ਼ਿਆਲ ਪਤਾ ਨਹੀਂ ਕਦ ਹਟਣਗੇ ? ਸਾਡੇ ਵਿਚੋਂ ਕਈਆਂ ਦੀਆਂ ਗੁਰਦੁਆਰੇ ਵਿਚ ਹੀ ਅੱਖਾਂ ਮੈਲੀਆਂ ਹੋਣ ਤੋਂ ਨਹੀਂ ਸ਼ਰਮਾਉਂਦੀਆਂ ।

(੪) ਮਹਾਰਾਜ ਕਹਿੰਦੇ ਹਨ :—

ਨਿੰਦਾ ਭਲੀ ਕਿਸੈ ਕੀ ਨਾਹੀ, ਮਨਮੁਖ ਮੁਗਧ ਕਰੰਨਿ ॥ ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥੬॥ [੭੫੫

ਪਰ ਸਾਨੂੰ ਤਾਂ ਆਪਣੀ ਉਸਤਤ ਅਤੇ ਦੂਜੇ ਦੀ ਨਿੰਦਾ (ਬੁਰਿਆਈ) ਹੀ ਚੰਗੀ ਲਗਦੀ ਹੈ । ਅਸੀਂ ਬਹੁਤ ਸਾਰੇ ਚੰਗੇ ਕੰਮ ਲੋਕ-ਦਿਖਾਵੇ ਲਈ ਹੀ ਕਰਦੇ ਹਾਂ, ਤਾਂ ਜੁ ਲੋਕ ਸਾਨੂੰ ਚੰਗਾ ਆਖਣ ਜਾਂ ਚੰਗਾ ਧਮਝਣ । ਪਰ ਅਸਲ ਵਿਚ ਅਸੀਂ ਇਤਨੇ ਚੰਗੇ ਨਹੀਂ ਹੁੰਦੇ । ਇਸ ਦੇ ਉਲਟ ਦੂਜੇ ਦੀ ਨਿੰਦਾ ਸੁਣ ਕੇ ਜਿਥੇ ਬੜੇ ਖ਼ੁਸ਼ ਹੁੰਦੇ ਹਾਂ ਉਥੇ ਦੂਜੇ ਦੀ ਛੋਟੀ ਜਿਹੀ ਗ਼ਲਤ ਗੱਲ ਨੂੰ ਵਧਾ ਕੇ ਦੱਸਣਾ (ਜੋ ਕਿ ਨਿੰਦਾ ਹੈ) ਬੜਾ ਫ਼ਖ਼ਰ ਸਮਝਦੇ ਹਾਂ । ਪਰ ਮਹਾਰਾਜ ਦਾ ਉਪਦੇਸ਼ ਇਸ ਦੇ ਬਿਲਕੁਲ ਉਲਟ ਹੈ ।

(੫) ਮਹਾਰਾਜ ਉਪਦੇਸ਼ ਦਿੰਦੇ ਹਨ :—

ਕੂੜੁ ਬੋਲਿ ਮੁਰਦਾਰ ਖਾਇ ॥ [੧੪੦

ਪਰ ਰਤਾ ਸੋਚੀਏ, ਦਿਨ ਵਿਚ ਅਸੀਂ ਕਿਤਨੀ ਕਿਤਨੀ ਵਾਰ ਝੂਠ ਬੋਲ ਕੇ ਮੁਰਦਾ ਖਾਂਦੇ ਹਾਂ ।

ਅਖ਼ੀਰ 'ਚ ਅਰਦਾਸ ਹੈ ਵਾਹਿਗੁਰੂ ਜੀ ਮਿਹਰ ਕਰਨ । ਸਾਡਾ ਵੀ ਧਿਆਨ ਇਨ੍ਹਾਂ ਅਤੇ ਹੋਰ ਗੁਰ-ਉਪਦੇਸ਼ਾਂ ਵਲ ਜਾਏ ਅਤੇ ਅਸੀਂ ਵੀ ਗੁਰਬਾਣੀ (ਗੁਰੂ) ਅਨੁਸਾਰ ਜੀਵਨ ਬਿਤਾਉਣ ਦੀ ਕੋਸ਼ਸ਼ ਕਰੀਏ, ਤਾਂ ਜੁ ਸਾਡਾ ਇਸ ਸੰਸਾਰ 'ਚ ਆਉਣਾ ਸਫ਼ਲ ਹੋਵੇ ।

———



www.AKJ.Org

# ਨੌਵੀਂ ਸਰਕਾਰ ਦਾ ਜਲਵਾ

[ਵਲੋਂ ।—ਸਾ ਵਿਧਾਤਾ ਸਿਘ ਜੀ 'ਤੀਰ']

ਨਵਾਂ ਹੈ ਤੇ ਅਨੋਖਾ ਹੈ, ਨਵੀਂ ਸਰਕਾਰ ਦਾ ਜਲਵਾ।
ਮੇਰੇ ਨੈਣਾਂ ਚਿ ਫਿਰਦਾ ਹੈ, ਉਦ੍ਹੇ ਦਰਬਾਰ ਦਾ ਜਲਵਾ।
ਉਹ ਨੌਵਾਂ ਰੂਪ ਨਾਨਕ ਦਾ, ਉਹ ਜਗਦੀ ਨਾਨਕੀ ਜੋਤੀ।
ਉਹ ਹਰਗੋਬਿੰਦ ਅਰਜਨ ਦਾ, ਸੀ ਝਲਕਾਂ ਮਾਰਦਾ ਜਲਵਾ।
ਉਦ੍ਹੇ ਨੈਣਾਂ ਚਿ ਜਾਦੂ ਸੀ, ਉਦ੍ਹੇ ਬੋਲਾਂ 'ਚ ਅੰਮ੍ਰਿਤ ਸੀ।
ਰੂਹਾਂ ਵਿਚ ਰੰਗ ਭੱਰਦਾ ਸੀ, ਤੇ ਦਿਲ ਸੀ ਠਾਰਦਾ ਜਲਵਾ।
ਮਨੁੱਖੀ ਸਾਦਗੀ ਉਸ ਦੀ, ਸੈਆਂ ਹੁਸਨਾਂ ਦਾ ਸੋਮਾ ਸੀ,
ਤੇ ਉਸ ਦੇ ਹੁਸਨ ਦੇ ਅੰਦਰ, ਸੀ ਸਿਰਜਨਹਾਰ ਦਾ ਜਲਵਾ।
ਉਹ ਤੇਗਾਂ ਤੋਂ ਬਹਾਦਰ ਸੀ, ਹਰਾਇਆ ਤੇਗ ਨੂੰ ਉਸ ਨੇ,
ਉਦ੍ਹੇ ਜਲਵੇ ਅਗੇ ਝੁਕਿਆ, ਤਿਖੀ ਤਲਵਾਰ ਦਾ ਜਲਵਾ।
ਵਿਖਾਇਆ ਓਸ ਸਾਬਰ ਨੇ, ਮੁਗਲ ਦੇ ਜ਼ੁਲਮ ਦੇ ਸਾਹਵੇਂ,
ਦਲੇਰੀ ਦਾ ਸ਼ਹਾਦਤ ਦਾ, ਲਹੂ ਦੀ ਧਾਰ ਦਾ ਜਲਵਾ।
ਜਲਾਲੀ ਜ਼ੇਬ ਜਲਵੇ ਦੀ, ਨਾ ਔਰੰਗਜ਼ੇਬ ਨੇ ਸਮਝੀ,
ਖ਼ੁਦੀ ਵਿੱਚ ਵੇਖ ਨਾ ਸਕਿਆ, ਖ਼ੁਦਾਅ ਦੇ ਯਾਰ ਦਾ ਜਲਵਾ।
ਅਨੰਦ-ਪੁਤਲੇ ਅਨੰਦਪੁਰ ਤੋਂ ਦਿਲੋਂ ਜੋ ਧਾਰਨਾ ਧਾਰੀ,
ਉਦ੍ਹੀ ਉਸ ਧਾਰਨਾ ਦਸਿਆ, ਉਦ੍ਹੇ ਉਪਕਾਰ ਦਾ ਜਲਵਾ।
ਉਦ੍ਹੀ ਸ਼ਾਹ-ਰਗ ਫ਼ੁਲਾਦੀ ਨੇ, ਗਲਾ ਜਾਂ ਤੇਗ ਦਾ ਕਟਿਆ,
ਸੀ ਹਥਿਆਰਾਂ ਤਦੋਂ ਤਕਿਆ, ਨਵੇਂ ਹਥਿਆਰ ਦਾ ਜਲਵਾ।
ਜਨੇਊ, ਤਿਲਕ, ਬੋਦੀ ਦੀ, ਗ਼ਰਕ ਜਾਣੀ ਸੀ ਹਸਤੀ ਹੀ,
ਸ਼ਹਿਨਸ਼ਾਹ ਦੀ ਸ਼ਹਾਦਤ ਦਾ, ਨਾ ਜੇਕਰ ਤਾਰਦਾ ਜਲਵਾ।
ਕੋਈ ਚਿਰਿਆ, ਕੋਈ ਰਿਝਿਆ, ਉਦ੍ਹਾ ਆਸ਼ਕ ਉਦ੍ਹੇ ਸਾਹਵੇਂ,
ਉਨ੍ਹਾਂ ਨੈਣਾਂ ਦੇ ਵਿਚ ਰਖਿਆ, ਉਦ੍ਹੇ ਦੀਦਾਰ ਦਾ ਜਲਵਾ।
ਅਜੇ ਵੀ ਚਾਂਦਨੀ ਚੌਕੋਂ, ਜ਼ਮਾਨੇ ਦੀ ਨਜ਼ਰ ਵੇਖੇ,
ਉਦ੍ਹੀ ਕਰਣੀ, ਉਦ੍ਹੇ ਕ੍ਰਿਸ਼ਮੇ, ਉਦ੍ਹੇ ਕਿਰਦਾਰ ਦਾ ਜਲਵਾ।
ਤਦੇ ਸੂਰਜ ਸਵੇਰੇ ਆ, ਝੁਲਾਉਂਦਾ ਚੌਰ ਕਿਰਨਾਂ ਦਾ,
ਤਦੇ ਚੰਦ ਆਣ ਕੇ ਰਾਤੀਂ, ਉਦ੍ਹੇ ਤੋਂ ਵਾਰਦਾ ਜਲਵਾ।
ਅਜੇ ਦਿਸਦਾ ਹੈ ਕਣ ਕਣ ਚੋਂ, ਦਿੱਲੀ ਦੀ ਕੋਤਵਾਲੀ ਚੋਂ,
ਸਬਰ ਦੀ ਜਿੱਤ ਦਾ ਜਲਵਾ, ਜਬਰ ਦੀ ਹਾਰ ਦਾ ਜਲਵਾ।
ਕਿਸੇ ਨੂੰ ਕੋਤਵਾਲੀ ਜੋ, ਕਤਲਗਾਹ ਕੈਦ-ਗਾਹ ਦਿਸਦੀ,
ਹੈ ਦਿਸਦਾ ਓਸ ਚੋਂ ਮੈਨੂੰ, ਮੇਰੇ ਦਿਲਦਾਰ ਦਾ ਜਲਵਾ।
ਅਸੰਖਾਂ ਅੱਖੀਆਂ ਜੇਕਰ, ਦਏਂ ਇਸ 'ਤੀਰ' ਨੂੰ ਦਾਤਾ,
ਤਾਂ ਗੁਰ-ਜਲਵਾ ਹੀ ਵੇਖੇਗਾ, ਭੁਲਾ ਸੰਸਾਰ ਦਾ ਜਲਵਾ।



www.AKJ.Org

# ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਵਾਰਤਾ

[ਵਲੋਂ :–ਗਿਆਨੀ ਕੁੰਭੇਰ ਸਿੰਘ ਜੀ ਫ਼ੀਰੋਜ਼ਪੁਰ ਛਾਉਣੀ]

ਮਹਾਨ ਤਿਆਗੀ, ਮਹਾਨ ਤਪੱਸਵੀ ਤੇ ਮਹਾਨ ਪਰਉਪਕਾਰੀ ਸਤਿਗੁਰੂ ਤੇਗ ਬਹਾਦਰ ਜੀ ਦਾ ਸਮਕਾਲੀ ਔਰੰਗਜ਼ੇਬ ਇਕ ਕੱਟਰ ਸੁੰਨੀ ਮੁਸਲਮਾਨ ਸੀ। ਉਹ ਚਾਹੁੰਦਾ ਸੀ ਕਿ ਹਿੰਦੁਸਤਾਨ ਵਿਚ ਇਕੋ ਮਜ਼ਹਬ 'ਮੁਸਲਮਾਨ' ਹੀ ਵੇਖਣ ਵਿਚ ਆਵੇ। ਸ਼ਾਹੀ ਤਖਤ ਤੇ ਪੈਰ ਧਰਦਿਆਂ ਹੀ ਇਸ ਨੇ ਇਸ ਇਰਾਦੇ ਦੀ ਪੂਰਤੀ ਲਈ ਹਿੰਦੂਆਂ ਤੇ ਸਖ਼ਤੀ ਦਾ ਦੌਰ ਚਲਾ ਦਿਤਾ। ਇਸ ਨੇ ਹਰ ਅਜਿਹੇ ਜਾਇਜ਼ ਅਤੇ ਨਜਾਇਜ਼ ਢੰਗ ਵਰਤਣੇ ਅਰੰਭ ਦਿਤੇ ਕਿ ਜਿਨ੍ਹਾਂ ਦੇ ਫਲ ਸਰੂਪ ਹਿੰਦੂ ,ਮੁਸਲਮਾਨ ਬਣਨ ਲਈ ਮਜਬੂਰ ਹੋ ਜਾਂਦੇ। ਇਸ ਦੀ ਹਕੂਮਤ ਵਿਚ ਹਿੰਦੂਆਂ ਦੇ ਮੰਦਰਾਂ ਨੂੰ ਢਾਹ ਕੇ ਉਨ੍ਹਾਂ ਦੀ ਥਾਂ ਮਸੀਤਾਂ ਬਣਾਈਆਂ ਜਾਣ ਲਗੀਆਂ। ਹਿੰਦੂਆਂ ਨੂੰ ਤੰਗ ਕਰਨ ਲਈ ਉਨ੍ਹਾਂ ਤੇ ਵਾਧੂ ਟੈਕਸ (ਜਜ਼ੀਆ) ਲਗਾ ਦਿਤਾ ਗਿਆ। ਉਨ੍ਹਾਂ ਨਾਲ ਨੌਕਰੀਆਂ ਵਿਚ ਬੇਇਨਸਾਫ਼ੀਆਂ ਹੋਣ ਲਗ ਪਈਆਂ। ਉਨ੍ਹਾਂ ਨੂੰ ਸਰਕਾਰੀ ਨੌਕਰੀਆਂ ਤੋਂ ਕਈ ਤਰ੍ਹਾਂ ਦੇ ਬਹਾਨੇ ਬਣਾ ਕੇ ਕਢ ਦਿਤਾ ਜਾਂਦਾ। ਜੋ ਹਿੰਦੂ ਮੁਸਲਮਾਨ ਬਣ ਜਾਂਦੇ ਉਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਰਿਆਇਤਾਂ ਤੇ ਸਹੂਲਤਾਂ ਦਿਤੀਆਂ ਜਾਂਦੀਆਂ। ਕਸ਼ਮੀਰ ਵਿਚ ਔਰੰਗਜ਼ੇਬ ਦੇ ਹੁਕਮ ਨਾਲ ਉਥੋਂ ਦੇ ਸੂਬੇਦਾਰ ਸ਼ੇਰ ਅਫ਼ਗਨ ਨੇ ਬਾਕੀ ਸੂਬਿਆਂ ਨਾਲੋਂ ਵਧੇਰੇ ਸਖ਼ਤੀ ਕਰਨੀ ਸ਼ੁਰੂ ਕਰ ਦਿਤੀ। ਪਿੰਡਾਂ ਦੇ ਪਿੰਡ ਘੇਰ ਲੈਂਦਾ ਤੇ ਹਿੰਦੂਆਂ ਨੂੰ ਮਜਬੂਰ ਕਰ ਦਿੰਦਾ ਕਿ ਉਹ ਮੁਸਲਮਾਨ ਬਣ ਜਾਣ। ਇਸ ਤਰ੍ਹਾਂ ਹਿੰਦੂ ਧੜਾ ਧੜ ਮੁਸਲਮਾਨ ਬਣਨ ਲਗ ਪਏ। ਜੋ ਮੁਸਲਮਾਨੀ ਮਜ਼ਹਬ ਕਬੂਲ ਕਰਨ ਤੋਂ ਇਨਕਾਰ ਕਰ ਦਿੰਦੇ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰਿਆ ਜਾਂਦਾ। ਆਖ਼ਰ ਇਸ ਮੁਹਿੰਮ ਨੂੰ ਹੋਰ ਤੇਜ਼ ਕਰਨ ਲਈ ਉਸ ਨੇ ਕਸ਼ਮੀਰੀ ਪੰਡਤਾਂ ਨੂੰ ਨਿਸ਼ਾਨਾ ਬਣਾਇਆ। ਉਸ ਨੇ ਸੋਚਿਆ ਕਿ ਜੇ ਪੰਡਤ ਮੁਸਲਮਾਨ ਬਣ ਜਾਣ ਤਾਂ ਬਾਕੀ ਦੇ ਹਿੰਦੂਆਂ ਨੂੰ ਮੁਸਲਮਾਨ ਬਣਾਣੇ ਬਹੁਤ ਸੌਖਾ ਕੰਮ ਹੈ। ਪੰਡਤਾਂ ਨੂੰ ਉਸ ਨੇ ਮਜਬੂਰ ਕੀਤਾ ਕਿ ਉਹ ਮੁਸਲਮਾਨ ਬਣ ਜਾਣ। ਇਨ੍ਹਾਂ ਪੰਡਤਾਂ ਨੇ ਉਸ ਪਾਸੋਂ ਮੁਸਲਮਾਨ ਬਣਨ ਬਾਰੇ ਸੋਚ ਵਿਚਾਰ ਕਰਨ ਲਈ ਛੇ ਮਹੀਨੇ ਦੀ ਮੁਹਲਤ ਮੰਗ ਲਈ। ਉਸ ਨੇ ਇਹ ਮੁਹਲਤ ਦੇ ਦਿਤੀ ਤੇ ਨਾਲ ਹੀ ਕਹਿ ਦਿਤਾ ਕਿ ਮੁਹਲਤ ਖ਼ਤਮ ਹੋਣ ਤੇ ਉਨ੍ਹਾਂ ਨੂੰ ਹਰ ਹਾਲਤ ਵਿਚ ਮੁਸਲਮਾਨ ਬਣਨਾ ਪਏਗਾ।

ਇਸ ਤੋਂ ਬਾਅਦ ਕਸ਼ਮੀਰ ਦੇ ਮੁਖੀ ਪੰਡਤ ਅਮਰਨਾਥ ਦੇ ਮੰਦਰ ਵਿਚ ਇਕੱਤਰ ਹੋਏ ਤੇ ਸੋਚ ਵਿਚਾਰ ਦੇ ਸਿਟੇ ਵਜੋਂ ਉਨ੍ਹਾਂ ਨੂੰ ਹੁਣ ਇਕੋ ਓਟ ਨਜ਼ਰ ਆਈ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਰਨ ਵਿਚ ਜਾਇਆ ਜਾਵੇ। ਇਸ ਫ਼ੈਸਲੇ ਅਨੁਸਾਰ ਪੰਡਤ ਕਿਰਪਾ ਰਾਮ ਮਟਨ ਨਿਵਾਸੀ ਦੀ ਅਗਵਾਈ ਵਿਚ ਲਗ ਪਗ ਪੰਜ ਸੌ ਪੰਡਤ ਅਨੰਦਪੁਰ ਸਾਹਿਬ ਗੁਰੂ ਤੇਗ ਬਹਾਦਰ ਜੀ ਦੀ ਸ਼ਰਨ ਵਿਚ ਪੁਜ ਗਏ ਤੇ ਉਨ੍ਹਾਂ ਨੇ ਔਰੰਗਜ਼ੇਬ ਅਤੇ ਸ਼ੇਰ ਅਫ਼ਗਨ ਵਲੋਂ ਕੀਤੇ ਜਾ ਰਹੇ ਜ਼ੁਲਮਾਂ ਬਾਰੇ ਦਸਿਆ ਅਤੇ ਗੁਰੂ ਤੇਗ ਬਹਾਦਰ ਜੀ ਅਗੇ ਪੁਕਾਰ ਕੀਤੀ ਕਿ ਉਹ ਹਿੰਦੂ ਧਰਮ ਦੀ ਰਖਿਆ ਅਤੇ ਔਰੰਗਜ਼ੇਬ ਤੇ ਸ਼ੇਰ ਅਫ਼ਗਨ ਦੇ ਅਤਿਆਚਾਰਾਂ ਨੂੰ ਠਲ੍ਹ ਪਾਣ ਲਈ ਉਨ੍ਹਾਂ ਦੀ ਬਹੁੜੀ ਕਰਨ। ਗੁਰੂ ਘਰ ਦਾ ਤਾਂ ਇਹ ਵਿਰਦ ਹੈ ਕਿ "ਜੋ ਸਰਣਿ ਆਵੈ ਤਿਸੁ ਕੰਠਿ ਲਾਵੈ, ਇਹੁ ਬਿਰਦੁ ਸੁਆਮੀ ਸੰਦਾ॥"

ਗੁਰੂ ਘਰ ਹਮੇਸ਼ਾ ਹੀ ਜ਼ਾਲਮਾਂ ਦੇ ਵਿਰੁਧ ਡਟਿਆ ਹੈ ਤੇ ਮਜ਼ਲੂਮਾਂ ਦੀ ਰਖਿਆ ਕਰਦਾ ਆਇਆ ਹੈ, ਇਸ ਲਈ ਗੁਰੂ ਜੀ ਨੇ ਉਨ੍ਹਾਂ ਨੂੰ ਉਤਰ ਦਿਤਾ ਕਿ ਉਹ ਜੋ ਕੁਝ ਕਹਿ ਰਹੇ ਨੇ, ਠੀਕ ਹੈ। ਇਸ ਮਹਾਨ ਕਠਨ ਸਮੇਂ ਕੋਈ ਮਹਾਨ ਪੁਰਸ਼ ਆਪਣਾ ਬਲੀਦਾਨ ਦੇਣਾ ਸਵੀਕਾਰ ਕਰ ਲਵੇ ਤਾਂ ਹੀ ਹਿੰਦੂ ਧਰਮ ਦੀ ਰਖਿਆ ਹੋ ਸਕਦੀ ਹੈ। ਇਹ ਕਹਿ ਕੇ ਗੁਰੂ ਜੀ ਤਾਂ ਫਿਰ ਨਾਮ-ਰੰਗ ਵਿਚ ਲੀਨ ਹੋ ਗਏ ਤੇ



www.AKJ.Org

ਪੰਡਤ ਚੁੱਪ ਹੋ ਕੇ ਸੋਚੀਂ ਪੈ ਗਏ । ਇਸ ਵੇਲੇ ਸਾਹਿਬਜ਼ਾਦਾ ਗੋਬਿੰਦ ਰਾਇ ਜੀ ਜੋ ਅਜੇ ਨੌਂ ਸਾਲ ਦੀ ਬਾਲ ਉਮਰ ਵਿਚ ਹੀ ਸਨ, ਇਹ ਦ੍ਰਿਸ਼ ਦੇਖ ਕੇ ਗੁਰੂ ਜੀ ਪਾਸ ਆ ਖਲੋਤੇ ਤੇ ਗੁਰੂ ਜੀ ਨੂੰ ਇਨ੍ਹਾਂ ਪੰਡਤਾਂ ਦੇ ਆਉਣ ਦੇ ਮਨੋਰਥ ਬਾਰੇ ਪੁਛਿਆ ਤਾਂ ਆਪ ਨੇ ਉਨ੍ਹਾਂ ਤੇ ਜ਼ੁਲਮ ਤੇ ਧਰਮ-ਧੱਕਾ ਹੁੰਦਾ ਦਸ ਕੇ ਕਿਹਾ ਕਿ ਇਸ ਵੇਲੇ ਮਜ਼ਲੂਮ ਤੇ ਦੁਖੀ ਹਿੰਦੂਆਂ ਦੇ ਬਚਾਓ ਦੀ ਸੂਰਤ ਇਕੋ ਹੈ ਕਿ ਕੋਈ ਮਹਾਂ ਪੁਰਸ਼ ਆਪਣਾ ਬਲੀਦਾਨ ਦੇਵੇ । ਸਾਹਿਬਜ਼ਾਦਾ ਜੀ ਨੇ ਉਨ੍ਹਾਂ ਦੁਖੀਆਂ ਦੀ ਹਾਲਤ ਵਲ ਦੇਖਦਿਆਂ ਗੁਰੂ-ਪਿਤਾ ਜੀ ਨੂੰ ਬੇਨਤੀ ਕੀਤੀ ਕਿ ਆਪ ਤੋਂ ਬਿਨਾਂ, ਆਪ ਤੋਂ ਵੱਡਾ ਇਸ ਵੇਲੇ ਕਿਹੜਾ ਮਹਾਂ ਪੁਰਸ਼ ਹੈ ਜੋ ਇਹਨਾਂ ਦੀ ਸਹਾਇਤਾ ਕਰ ਸਕਦਾ ਹੈ । ਇਹ ਸੁਣ ਕੇ ਸਤਿਗੁਰੂ ਜੀ ਗਦ ਗਦ ਹੋ ਗਏ ਤੇ ਨਾਲ ਬਾਲਕ ਗੋਬਿੰਦ ਰਾਇ ਜੀ ਨੂੰ ਗਲਵਕੜੀ ਵਿਚ ਲੈ ਲਿਆ । ਅਤੇ ਪੰਡਤਾਂ ਨੂੰ ਕਹਿ ਦਿਤਾ ਕਿ ਔਰੰਗਜ਼ੇਬ ਨੂੰ ਇਹ ਫ਼ੈਸਲਾ ਪੁਚਾ ਦੇਵੋ ਕਿ ਜੇ ਗੁਰੂ ਤੇਗ ਬਹਾਦਰ ਮੁਸਲਮਾਨ ਬਣ ਜਾਵੇ ਤਾਂ ਅਸੀਂ ਸਭ ਮੁਸਲਮਾਨ ਬਣ ਜਾਵਾਂਗੇ । ਇਹ ਸੁਣ ਕੇ ਪੰਡਤਾਂ ਨੇ ਗੁਰੂ ਜੀ ਤੋਂ ਛੁਟੀ ਲਈ ਤੇ ਲਾਹੌਰ ਦੇ ਸੂਬੇਦਾਰ ਜ਼ਾਲਮ ਖ਼ਾਂ ਰਾਹੀਂ ਔਰੰਗਜ਼ੇਬ ਨੂੰ ਇਸ ਫ਼ੈਸਲੇ ਦੀ ਇਤਲਾਹ ਭੇਜ ਦਿਤੀ।

ਏਧਰ ਪੰਡਤਾਂ ਨੂੰ ਵਿਦਾ ਕਰਕੇ ਗੁਰੂ ਜੀ ਲੋਕਾਂ ਵਿਚ ਜਾਗ੍ਰਿਤੀ ਪੈਦਾ ਕਰਨ ਅਤੇ ਗੁਰੂ ਨਾਨਕ ਦੇਵ ਜੀ ਦੇ ਸਚੇ ਧਰਮ ਦਾ ਪਰਚਾਰ ਕਰਨ ਲਈ ਅਨੰਦ-ਪੁਰ ਤੋਂ ਚਲ ਪਏ* । ਉਹਨਾਂ ਸੰਗਤਾਂ ਨੂੰ ਦਸ ਦਿਤਾ ਕਿ ਉਹ ਦੁਖੀ ਹਿੰਦੂਆਂ ਦੀ ਰਖਿਆ ਲਈ ਦਿਲੀ ਜਾਣਗੇ । ਔਰੰਗਜ਼ੇਬ ਨੂੰ ਵੀ ਇਸ ਗੱਲ ਦੀ ਇਤਲਾਹ ਮਿਲ ਗਈ ਕਿ ਗੁਰੂ ਜੀ ਦਿਲੀ ਨੂੰ ਰਵਾਨਾ ਹੋ ਗਏ ਹਨ । ਉਸ ਨੂੰ ਇਹ ਨਿਸਚਾ ਹੋ ਗਿਆ ਕਿ ਗੁਰੂ ਜੀ ਜ਼ਰੂਰ ਹੀ ਦਿਲੀ ਪੁਜ ਜਾਣਗੇ । ਇਸ ਤਰ੍ਹਾਂ ਕੁਝ ਸਮਾਂ ਬੀਤ ਗਿਆ । ਗੁਰੂ ਜੀ ਕਈ ਥਾਈਂ ਅਪਣੇ ਮਿਸ਼ਨ ਦਾ ਪਰਚਾਰ ਕਰਦੇ ਆਗਰੇ ਪੁਜ ਗਏ ।

*ਗਿ: ਗਿਆਨ ਸਿੰਘ ਜੀ ਦੀ ਤਵਾਰੀਖ ਗੁਰੂ ਖ਼ਾਲਸਾ ਅਨੁਸਾਰ ।

ਉਧਰ ਕਾਫ਼ੀ ਸਮਾਂ ਉਡੀਕ ਕੇ ਔਰੰਗਜ਼ੇਬ ਨੇ ਐਲਾਨ ਕਰ ਦਿਤਾ ਹੋਇਆ ਸੀ ਕਿ ਗੁਰੂ ਜੀ ਨੂੰ ਗ੍ਰਿਫ਼ਤਾਰ ਕਰਾਉਣ ਵਾਲੇ ਨੂੰ ਇਕ ਹਜ਼ਾਰ ਰੁਪਿਆ ਇਨਾਮ ਦਿਤਾ ਜਾਵੇਗਾ । ਇਕ ਹਜ਼ਾਰ ਰੁਪਏ ਦੇ ਇਨਾਮ ਬਾਰੇ ਸੁਣ ਕੇ ਆਗਰੇ ਵਿਚ ਰਹਿੰਦੇ ਇਕ ਅਤੀ ਗ਼ਰੀਬ ਸੱਯਦ ਹਸਨ ਅਲੀ ਨੇ ਮਨ ਵਿਚ ਪ੍ਰਾਰਥਨਾ ਕੀਤੀ ਕਿ ਹੇ ਗੁਰੂ ਤੇਗ ਬਹਾਦਰ ਜੀ, ਜੇ ਤੁਸੀਂ ਗ੍ਰਿਫ਼ਤਾਰ ਹੋਣਾ ਹੀ ਹੈ ਤਾਂ ਮੇਰੇ ਜ਼ਰੀਏ ਹੋਵੋ ਤਾਕਿ ਮੈਨੂੰ ਇਕ ਹਜ਼ਾਰ ਰੁਪਿਆ ਇਨਾਮ ਮਿਲ ਜਾਵੇ ਅਤੇ ਇਸ ਤਰ੍ਹਾਂ ਮੇਰੀ ਗ਼ਰੀਬੀ ਦੂਰ ਹੋ ਜਾਵੇ । ਉਹ ਇਹ ਭਾਵਨਾ ਮਨ ਵਿਚ ਰਖ ਕੇ, ਗੁਰੂ ਜੀ ਨੂੰ ਯਾਦ ਕਰਦਾ ਰਿਹਾ । ਇਥੇ ਆਗਰੇ ਵਿਚ ਇਕ ਮਾਈ ਭਾਗੋ (ਭਾਗਵੰਤੀ) ਵੀ ਰਹਿੰਦੀ ਸੀ । ਉਸ ਨੇ ਆਪਣੇ ਹੱਥੀਂ ਬਰੀਕ ਸੂਤ ਕਤ ਕੇ ਗੁਰੂ ਜੀ ਵਾਸਤੇ ਇਕ ਪੁਸ਼ਾਕ ਬਣਾਈ ਹੋਈ ਸੀ । ਉਸ ਦੇ ਮਨ ਦੀ ਇਹ ਭਾਵਨਾ ਸੀ ਕਿ ਗੁਰੂ ਜੀ ਆਗਰੇ ਪੁਜ ਕੇ ਉਸ ਨੂੰ ਦਰਸ਼ਨ ਦੇ ਕੇ ਨਿਹਾਲ ਕਰਨ ਅਤੇ ਉਸ ਦੀ ਬਣੀ ਹੋਈ ਪੁਸ਼ਾਕ ਨੂੰ ਪ੍ਰਵਾਨ ਕਰਨ । ਇਸ ਲਈ ਗੁਰੂ ਜੀ ਉਹਨਾਂ ਦੋਹਾਂ ਦੀ ਭਾਵਨਾ ਪੂਰੀ ਕਰਨ ਲਈ ਆਗਰੇ ਪੁਜ ਗਏ । ਪਹਿਲੇ ਮਾਈ ਭਾਗੋ ਨੂੰ ਨਿਹਾਲ ਕੀਤਾ ਤੇ ਉਸ ਦੀ ਬਣੀ ਹੋਈ ਪੁਸ਼ਾਕ ਪ੍ਰਵਾਨ ਕੀਤੀ । ਉਪ੍ਰੰਤ ਇਕ ਬਾਗ਼ ਵਿਚ ਜਾ ਠਹਿਰੇ, ਜਿਥੇ ਉਸ ਬੁਢੇ ਸੱਯਦ ਦਾ ਪੋਤਰਾ ਬਕਰੀਆਂ ਚਾਰ ਰਿਹਾ ਸੀ । ਗੁਰੂ ਜੀ ਨੇ ਉਸ ਨੂੰ ਇਕ ਸੋਨੇ ਦੀ ਮੁੰਦਰੀ ਤੇ ਇਕ ਦੁਸ਼ਾਲਾ ਦਿਤਾ ਤੇ ਕਿਹਾ ਕਿ ਆਪਣੇ ਬਾਬ ਨੂੰ ਲੈ ਕੇ ਇਹ ਮੁੰਦਰੀ ਗਹਿਣੇ ਪਾ ਕੇ ਦੋ ਰੁਪਏ ਦੀ ਇਸ ਦੁਸ਼ਾਲੇ ਵਿਚ ਮਿਠਾਈ ਲੈ ਆ ਤੇ ਜੇ ਕੋਈ ਪੁਛੇ ਤਾਂ ਕਹਿ ਦੇਣਾ ਕਿ ਮੈਨੂੰ ਗੁਰੂ ਤੇਗ ਬਹਾਦਰ ਨੇ ਭੇਜਿਆ ਹੈ । ਉਹ ਇਹ ਮੁੰਦਰੀ ਤੇ ਕੀਮਤੀ ਦੁਸਾਲਾ ਲੈ ਕੇ ਆਪਣੇ ਬਾਬੇ ਸੱਜਦ ਹਸਨ ਅਲੀ ਪਾਸ ਪੁਜਾ ਤੇ ਉਸ ਨੇ ਗੁਰੂ ਜੀ ਵਲੋਂ ਦਿਤੀ ਮੁੰਦਰੀ ਅਤੇ ਦੁਸ਼ਾਲੇ ਦਾ ਜ਼ਿਕਰ ਕਰਦਿਆਂ ਗੁਰੂ ਜੀ ਦਾ ਨਾਂ ਵੀ ਦਸ ਦਿਤਾ । ਇਹ ਸੁਣ ਕੇ ਉਹ ਬੁੱਢਾ ਸੱਜਦ ਬਹੁਤ ਖੁਸ਼ ਹੋਇਆ । ਉਸ ਨੇ ਗੁਰੂ ਜੀ ਬਾਰੇ ਕੋਤਵਾਲ ਨੂੰ ਖ਼ਬਰ ਦਿਤੀ ।



www.AKJ.Org

ਕੋਤਵਾਲ ਨੇ ਕਿਲ੍ਹੇਦਾਰ ਨੂੰ ਇਤਲਾਹ ਦਿਤੀ। ਕਿਲ੍ਹੇਦਾਰ ਨੇ ਪੁਲਸ ਭੇਜ ਕੇ ਗੁਰੂ ਜੀ ਨੂੰ ਗ੍ਰਿਫਤਾਰ ਕਰ ਕੇ ਕਿਲ੍ਹੇ ਵਿਚ ਕੈਦ ਕਰ ਲਿਆ। ਗੁਰੂ ਜੀ ਦੇ ਨਾਲ ਆਏ ਹੋਏ ਪੰਜ ਸਿਖ ਭਾਈ ਮਤੀ ਦਾਸ ਜੀ, ਭਾਈ ਦਿਆਲਾ ਜੀ, ਭਾਈ ਗੁਰਦਿਤਾ ਜੀ, ਭਾਈ ਜੈਤਾ ਜੀ ਤੇ ਭਾਈ ਊਦਾ ਜੀ ਵੀ ਗ੍ਰਿਫਤਾਰ ਕੀਤੇ ਗਏ। ਇਥੋਂ ਕਿਲ੍ਹੇਦਾਰ ਨੇ ਔਰੰਗਜ਼ੇਬ ਨੂੰ ਗੁਰੂ ਜੀ ਦੀ ਗ੍ਰਿਫਤਾਰੀ ਦੇ ਬਾਰੇ ਖ਼ਬਰ ਭੇਜੀ. ਦਿਲੀ ਤੋਂ ਸਦਰ ਦੀਨ ਉਮਰਾਓ ਦੀ ਸਰਕਰਦਗੀ ਵਿਚ ਫ਼ੌਜ ਆਈ ਤੇ ਗੁਰੂ ਜੀ ਨੂੰ ਸਿਖਾਂ ਸਮੇਤ ਆਪਣੀ ਨਿਗਰਾਨੀ ਵਿਚ ਲੈ ਗਈ।

ਗੁਰੂ ਜੀ ਨੂੰ ਪਹਿਲੇ ਦਿਨ ਸਿਖਾਂ ਸਮੇਤ ਇਕ ਅਜਿਹੀ ਹਵੇਲੀ ਵਿਚ ਨਿਵਾਸ ਕਰਾਇਆ ਗਿਆ ਜਿਸ ਵਿਚ ਪ੍ਰੇਤਾਂ ਦਾ ਵਾਸਾ ਸੀ। ਉਸ ਹਵੇਲੀ ਵਿਚ ਕੋਈ ਵੀ ਨਹੀਂ ਰਹਿੰਦਾ ਸੀ। ਜੋ ਰਹਿੰਦਾ ਉਹ ਮਰ ਜਾਂਦਾ ਜਾਂ ਭੈਭੀਤ ਹੋ ਕੇ ਭਜ ਜਾਂਦਾ ਸੀ। ਇਸ ਹਵੇਲੀ ਵਿਚ ਪ੍ਰੇਤਾਂ ਦੇ ਸਰਦਾਰ ਨੇ ਗੁਰੂ ਜੀ ਨੂੰ ਪੋਨੇ ਗੰਨੇ ਤੇ ਮੇਵੇ ਭੇਟ ਕੀਤੇ ਅਤੇ ਬੇਨਤੀ ਕੀਤੀ ਕਿ ਮਹਾਰਾਜ! ਧੰਨ ਭਾਗ ਸਾਡੇ ਜੋ ਤੁਸਾਂ ਇਥੇ ਚਰਨ ਪਾਏ ਹਨ ਅਤੇ ਸਾਨੂੰ ਸ਼ਾਂਤੀ ਮਿਲੀ ਹੈ। ਆਪ ਕਿਰਪਾ ਕਰ ਕੇ ਸਾਡਾ ਨਿਸਤਾਰਾ ਕਰ ਦੇਵੋ ਜੀ। ਗੁਰੂ ਜੀ ਨੇ ਉਨ੍ਹਾਂ ਤੇ ਕਿਰਪਾ-ਦ੍ਰਿਸ਼ਟੀ ਕਰਕੇ ਉਨ੍ਹਾਂ ਦੀ ਕਲਿਆਨ ਕੀਤੀ ਤੇ ਪੋਨੇ ਗੰਨੇ ਤੇ ਮੇਵੇ ਆਦਿਕ ਸਿਖਾਂ ਸਮੇਤ ਛੱਕੇ। ਸਵੇਰੇ ਪਹਿਰੇਦਾਰਾਂ ਨੇ ਉਨ੍ਹਾਂ ਨੂੰ ਸਿਖਾਂ ਸਮੇਤ ਥੜੇ ਪ੍ਰਸੰਨ-ਚਿੱਤ ਦੇਖਿਆ ਅਤੇ ਪੋਨੇ ਗੰਨੇ ਦੇ ਛਿਲੜ ਦੇਖ ਕੇ ਹੱਕੇ ਬੱਕੇ ਰਹਿ ਗਏ।

ਇਸ ਤੋਂ ਬਾਅਦ ਆਪ ਨੂੰ ਸਿਖਾਂ ਸਮੇਤ ਕੈਦ ਵਿਚ ਰਖਿਆ ਗਿਆ। ਹਕੂਮਤ ਵਲੋਂ ਆਪ ਨੂੰ ਕਈ ਤਰ੍ਹਾਂ ਦੇ ਲਾਲਚ ਦਿਤੇ ਗਏ ਕਿ ਆਪ ਕਿਸੇ ਤਰ੍ਹਾਂ ਮੁਸਲਮਾਨ ਬਣਨਾ ਕਬੂਲ ਕਰਨ, ਪਰ ਆਪ ਕਿਸੇ ਤਰ੍ਹਾਂ ਵੀ ਧਰਮ ਤੋਂ ਨਹੀਂ ਡੋਲੇ। ਕਾਜ਼ੀ ਮੁਲਾਣਿਆਂ ਨੇ ਕਈ ਤਰ੍ਹਾਂ ਦੀ ਆਪ ਨਾਲ ਚਰਚਾ ਕੀਤੀ। ਕਈ ਦਿਨ ਸਵਾਲ ਜਵਾਬ ਹੁੰਦੇ ਰਹੇ, ਪਰ ਆਪ ਆਪਣੇ ਧਰਮ ਤੇ ਦ੍ਰਿੜ੍ਹ ਰਹੇ। ਔਰੰਗਜ਼ੇਬ ਵਲੋਂ ਆਪ ਨੂੰ ਇਹ ਸ਼ਰਤਾਂ ਪੇਸ਼ ਕੀਤੀਆਂ ਗਈਆਂ ਕਿ :—

(੧) ਮੁਸਲਮਾਨ ਹੋਣਾ ਕਬੂਲ ਕਰੋ।

(੨) ਜਾਂ ਕਰਾਮਾਤ ਦਿਖਾਓ।

(੩) ਨਹੀਂ ਤਾਂ ਮੌਤ ਵਾਸਤੇ ਤਿਆਰ ਰਹੋ।

ਗੁਰੂ ਜੀ ਨੇ ਪਹਿਲੀਆਂ ਦੋਵੇਂ ਸ਼ਰਤਾਂ ਅਸਵੀਕਾਰ ਕੀਤੀਆਂ ਤੇ ਇਹ ਉੱਤਰ ਦਿਤਾ ਕਿ ਮੌਤ ਵਾਸਤੇ ਅਸੀਂ ਸਦਾ ਤਿਆਰ ਹਾਂ।

ਇਥੇ ਇਹ ਗੱਲ ਦਸਣ ਯੋਗ ਹੈ ਕਿ ਗੁਰੂ ਜੀ ਸਰਬਸ਼ ਕਤੀਆਂ ਦੇ ਮਾਲਕ ਸਨ ਅਤੇ ਜੋ ਚਾਹੁਣ ਕਰ ਸਕਦੇ ਸਨ। ਪਰ ਉਹ ਲੋਕ-ਦਿਖਾਵੇ ਲਈ ਕਰਾਮਾਤ ਦਿਖਾਉਣੀ ਅਯੋਗ ਤੇ ਕਹਿਰ ਸਮਝਦੇ ਸਨ। ਇਸ ਲਈ ਉਨ੍ਹਾਂ ਨੇ ਕਰਾਮਾਤ ਦਿਖਾਣ ਤੋਂ ਵੀ ਇਨਕਾਰ ਕਰ ਦਿਤਾ ਸੀ। ਉਸ ਤਰ੍ਹਾਂ ਸਿਖਾਂ ਦੇ ਪ੍ਰੇਮ-ਵੱਸ ਹੋ ਉਹ ਸਿਖਾਂ ਸਮੇਤ ਜੇਲ੍ਹ ਵਿਚੋਂ ਜਾ ਕੇ ਪ੍ਰਸ਼ਾਦ ਛੱਕ ਆਇਆ ਕਰਦੇ ਸਨ, ਪਰ ਜੇਲ੍ਹ ਦੇ ਦਰਵਾਜ਼ੇ ਪਹਿਰੇਦਾਰਾਂ ਨੂੰ ਬੰਦ ਹੀ ਦਿਸਦੇ ਸਨ ਤੇ ਉਹ ਜਿਸ ਵੇਲੇ ਵੀ ਦੇਖਦੇ ਉਨ੍ਹਾਂ ਨੂੰ ਗੁਰੂ ਜੀ ਸਿਖਾਂ ਸਮੇਤ ਜੇਲ੍ਹ ਵਿਚ ਹੀ ਦਿਸਦੇ ਸਨ। ਸੋ ਕਹਿਣ ਦਾ ਭਾਵ ਇਹ ਹੈ ਕਿ ਜੇ ਰਾਮ ਰਾਇ ਬਹੱਤਰ ਕਰਾਮਾਤਾਂ ਦਿਖਾ ਸਕਦਾ ਸੀ ਤਾਂ ਗੁਰੂ ਜੀ ਤਾਂ ਸਰਬ ਸ਼ਕਤੀਮਾਨ ਸਨ ਅਤੇ ਸਭ ਸ਼ਕਤੀਆਂ ਉਨ੍ਹਾਂ ਦੀਆਂ ਚੇਰੀਆਂ ਸਨ। ਪਰ ਫਿਰ ਵੀ ਉਨ੍ਹਾਂ ਨੇ ਔਰੰਗਜ਼ੇਬ ਦੀ ਇਸ ਸ਼ਰਤ ਨੂੰ ਠੁਕਰਾ ਕੇ ਸਵੈਮਾਨਤਾ ਨੂੰ ਕਾਇਮ ਰਖਿਆ। ਇਸ ਤਰ੍ਹਾਂ ਉਨ੍ਹਾਂ ਪਰਗਟ ਕਰ ਦਿਤਾ ਕਿ ਉਹ ਔਰੰਗਜ਼ੇਬ ਦਾ ਇਕ ਮਮੂਲੀ ਹੁਕਮ ਵੀ ਸ਼ਰਤ ਦੇ ਰੂਪ ਵਿਚ ਮੰਨਣ ਨੂੰ ਤਿਆਰ ਨਹੀਂ ਹਨ।

ਜਦੋਂ ਇਹ ਦੇਖਿਆ ਗਿਆ ਕਿ ਗੁਰੂ ਜੀ ਕਿਸੇ ਵੀ ਲਾਲਚ ਵਿਚ ਆ ਕੇ ਸਾਡੀਆਂ ਸ਼ਰਤਾਂ ਨੂੰ ਕਬੂਲ ਕਰਨ ਲਈ ਤਿਆਰ ਨਹੀਂ ਤਾਂ ਆਪ ਉਤੇ ਵਧੇਰੇ ਸਖ਼ਤੀ ਦਾ ਹੁਕਮ ਚਾੜ੍ਹਿਆ ਗਿਆ। ਪਰ ਆਪ ਅਤੇ ਆਪ ਦੇ ਸਿਖ, ਹਕੂਮਤ ਵਲੋਂ ਕਈ ਪ੍ਰਕਾਰ ਦੀਆਂ ਸਖਤੀਆਂ ਤੇ ਕਸ਼ਟਾਂ ਨੂੰ ਖਿੜੇ ਮੱਥੇ ਸਹਾਰਦੇ ਰਹੇ। ਜਦੋਂ ਹਾਕਮਾਂ ਨੇ ਔਰੰਗਜ਼ੇਬ ਦੇ ਹੁਕਮ ਨਾਲ ਸਖਤੀਆਂ ਵੀ ਕਰ ਕੇ ਦੇਖ ਲਿਆ ਤਾਂ ਆਪ ਨੂੰ ਭੇ



www.AKJ.Org

ਭੀਤ ਕਰਨ ਵਾਸਤੇ ਚਾਂਦਨੀ ਚੌਕ ਵਿਚ ਆਪ ਦੇ ਸਾਹਮਣੇ ਭਾਈ ਮਤੀ ਦਾਸ ਜੀ ਨੂੰ ਕਿਹਾ ਗਿਆ ਕਿ ਦੀਨ ਇਸਲਾਮ ਪ੍ਰਵਾਨ ਕਰੋ, ਨਹੀਂ ਤਾਂ ਆਰੇ ਨਾਲ ਚੀਰੇ ਜਾਵੋਗੇ। ਪਰ ਉਸ ਨੇ ਮੁਸਲਮਾਨ ਬਣਨ ਤੋਂ ਇਨਕਾਰ ਕਰ ਦਿਤਾ। ਆਪ ਦੇ ਸਾਹਮਣੇ ਹੀ ਉਸ ਨੂੰ ਦੋ ਫਟਿਆਂ ਵਿਚ ਜਕੜ ਕੇ ਉਸ ਦੇ ਸਰੀਰ ਦੇ ਦੋ ਫਾੜ ਕਰਕੇ ਸੁਟ ਦਿੱਤਾ ਗਿਆ। ਇਸ ਵੇਲੇ ਭਾਈ ਮਤੀ ਦਾਸ ਜੀ ਜਪੁਜੀ ਸਾਹਿਬ ਦਾ ਸੰਪੂਰਨ ਪਾਠ ਕਰ ਚੁਕੇ ਸਨ ਤੇ ਆਪ ਦੇ ਸਰੀਰ ਦੇ ਇਹਨਾਂ ਦੋ ਫਾੜਾਂ ਵਿਚੋਂ ਹੀ ਅਵਾਜ਼ ਆ ਰਹੀ ਸੀ :—

ਜਿਨੀ ਨਾਮੁ ਧਿਆਇਆ ਗਏ ਮਸਕਤ ਘਾਲਿ ॥ ਨਾਨਕੇ ਤੇ ਮੁਖ ਉਜਲੈ ਕੇਤੀ ਛੁਟੀ ਨਾਲਿ ॥

ਭਾਈ ਮਤੀ ਦਾਸ ਜੀ ਨੂੰ ਗੁਰੂ ਜੀ ਅਤੇ ਆਮ ਲੋਕਾਂ ਦੇ ਸਾਹਮਣੇ ਇਸਤਰ੍ਹਾਂ ਬੇਰਹਿਮੀ ਨਾਲ ਸ਼ਹੀਦ ਕੀਤਾ ਗਿਆ, ਇਸ ਲਈ ਕਿ ਗੁਰੂ ਜੀ ਨੂੰ ਭੈ ਭੀਤ ਕੀਤਾ ਜਾਵੇ ਤੇ ਹਿੰਦੂਆਂ ਵਿਚ ਦਹਿਸ਼ਤ ਫੈਲਾਈ ਜਾਵੇ ਤਾਂ ਕਿ ਉਹ ਸਮਝ ਜਾਣ ਕਿ ਮੁਸਲਮਾਨ ਬਣਨ ਤੋਂ ਇਨਕਾਰ ਕਰਨ ਤੇ ਇਹੋ ਜਿਹੇ ਤਸੀਹੇ ਦਿਤੇ ਜਾ ਸਕਦੇ ਹਨ।

ਉਪਰੰਤ ਗੁਰੂ ਜੀ ਦੇ ਸਾਹਮਣੇ ਹੀ ਭਾਈ ਦਿਆਲੇ ਨੂੰ ਉਬਲਦੇ ਪਾਣੀ ਦੀ ਦੇਗ ਵਿਚ ਸੁੱਟ ਕੇ ਉਬਾਲਿਆ ਗਿਆ। ਪਰ ਉਹ ਵੀ ਜਪੁਜੀ ਸਾਹਿਬ ਦਾ ਪਾਠ ਕਰਦਾ ਸ਼ਹੀਦ ਹੋ ਗਿਆ।

ਗੁਰੂ ਜੀ ਸਿਖਾਂ ਦੀਆਂ ਇਹ ਸ਼ਹੀਦੀਆਂ ਦੇਖ ਕੇ ਡੋਲੇ ਨਹੀਂ। ਕੁਝ ਦਿਨ ਹੋਰ ਆਪ ਨੂੰ ਮਨਾਣ ਦੀ ਕੋਸ਼ਸ਼ ਕੀਤੀ ਗਈ, ਪਰ ਹਾਕਮ ਸਫਲ ਨਾ ਹੋਏ। ਆਖ਼ਰ ਆਪ ਨੂੰ ਹੋਰ ਵਧੇਰੇ ਕਸ਼ਟ ਦੇਣ ਦੀ ਖ਼ਾਤਰ ਇਕ ਲੋਹੇ ਦੇ ਪਿੰਜਰੇ ਵਿਚ ਕੈਦ ਕੀਤਾ ਗਿਆ। ਇਸ ਵਿਚ ਆਸੇ ਪਾਸੇ ਨੋਕਦਾਰ ਸੂਏ ਲਗੇ ਹੋਏ ਸਨ। ਤੇ ਮਹਾਰਾਜ ਕੇਵਲ ਖੜੇ ਹੀ ਰਹਿ ਸਕਦੇ ਸਨ। ਜੇ ਸਰੀਰ ਇਧਰ ਉਧਰ ਹਿਲੇ ਤਾਂ ਸੂਏ ਚੁਭਦੇ ਸਨ, ਆਪ ਨੂੰ ਪਿੰਜਰੇ ਵਿਚ ਬੰਦ ਕਰ ਕੇ ਫਿਰ ਕਿਹਾ ਗਿਆ ਕਿ ਅੱਠਾਂ ਦਿਨਾਂ ਵਿਚ ਮੁਸਲਮਾਨ ਬਣਨਾ ਸਵੀਕਾਰ ਕਰ ਲਵੋ, ਨਹੀਂ ਤਾਂ ਕਤਲ ਕੀਤੇ ਜਾਵੋਗੇ। ਮਹਾਰਾਜ ਜੀ ਨੇ ਜੋ ਉੱਤਰ ਦਿਤਾ, ਭਾਈ ਸੰਤੋਖ ਜੀ ਸੂਰਜ ਪ੍ਰਕਾਸ਼ ਵਿਚ ਇਸ ਪ੍ਰਕਾਰ ਲਿਖਦੇ ਹਨ :—

ਕੋਟਕ ਜਤਨ ਤੇ ਫਿਰਹਿ ਨ ਫੇਰੇ ॥
ਕਹੋ ਕਰੋਰ ਬਾਰ ਹੁਇ ਨੇਰੇ ॥

ਭਾਵ ਭਾਵੇਂ ਕਰੋੜ ਜਤਨ ਕਰੋ, ਕਰੋੜ ਵਾਰ ਸਾਨੂੰ ਆਖੋ, ਪਰ ਅਸੀਂ ਜੋ ਕੁਝ ਕਹਿ ਚੁਕੇ ਹਾਂ ਉਸ ਤੋਂ ਨਹੀਂ ਫਿਰਨਾ।

ਗੁਰੂ ਜੀ ਦਾ ਇਹ ਕੋਰਾ ਜਵਾਬ ਸੁਣ ਕੇ ਉਹ ਚੁੱਪ ਹੋ ਗਏ, ਤੇ ਸਮਝ ਲਿਆ ਕਿ ਗੁਰੂ ਜੀ ਕੁਰਬਾਨੀ ਵਾਸਤੇ ਹੀ ਤਿਆਰ ਹਨ।

ਗੁਰੂ ਜੀ ਨੇ ਆਪਣੀ ਸ਼ਹੀਦੀ ਨੇੜੇ ਜਾਣ ਕੇ, ਭਾਈ ਗੁਰਦਿਤਾ ਜੀ ਨੂੰ ਇਕ ਨਾਰੀਅਲ ਤੇ ਪੰਜ ਪੈਸੇ ਦੇ ਕੇ, ਸਾਹਿਬਜ਼ਾਦਾ ਗੋਬਿੰਦ ਰਾਇ ਜੀ ਨੂੰ ਗੁਰਿਆਈ ਬਖਸ਼ਣ ਹਿਤ ਅਨੰਦਪੁਰ ਤੋਰ ਦਿਤਾ। ਗੁਰੂ ਜੀ ਦੀ ਸ਼ਹੀਦੀ ਤੋਂ ਇਕ ਦਿਨ ਪਹਿਲੇ ਸ਼ਹਿਰ ਵਿਚ ਡੌਂਡੀ ਪਿਟੀ ਗਈ ਕਿ ਕਲ੍ਹ ਗੁਰੂ ਤੇਗ ਬਹਾਦਰ ਜੀ ਨੂੰ ਚਾਂਦਨੀ ਚੌਂਕ ਵਿਚ ਕਤਲ ਕੀਤਾ ਜਾਵੇਗਾ। ਲੋਕ ਇਹ ਖ਼ਬਰ ਸੁਣ ਕੇ ਤ੍ਰਾਹ ਤ੍ਰਾਹ ਕਰ ਉਠੇ।

ਦੂਜੇ ਦਿਨ ਆਪ ਨੂੰ ਪਿੰਜਰੇ ਵਿਚੋਂ ਕਢਿਆ ਗਿਆ ਤੇ ਮਸੀਤ ਦੇ ਸਾਹਮਣੇ ਵਾਲੇ ਖੂਹ ਤੋਂ ਆਪ ਦੀ ਇੱਛਾ ਅਨੁਸਾਰ ਇਸ਼ਨਾਨ ਕਰਨ ਦਿਤਾ ਗਿਆ। ਆਪ ਨੇ ਇਸ਼ਨਾਨ ਕੀਤਾ। ਤੇ ਬੋੜ੍ਹ ਦੇ ਬ੍ਰਿਛ ਦੇ ਥਲੇ ਬੈਠ ਕੇ ਜਪੁਜੀ ਸਾਹਿਬ ਦੇ ਪਾਠ ਅਰੰਭ ਦਿਤੇ। ਸਮਾਣੇ ਦੇ ਜਲਾਦ ਜਲਾਲ ਦੀਨ ਨੂੰ ਹੁਕਮ ਦਿਤਾ ਗਿਆ ਕਿ ਉਹ ਗੁਰੂ ਜੀ ਦੀ ਗਰਦਨ ਤੇ ਤਲਵਾਰ ਦਾ ਵਾਰ ਕਰੇ। ਉਹ ਆਪ ਦੇ ਪਾਸ ਖੜਾ ਹੋ ਗਿਆ। ਜਦੋਂ ਆਪ ਨੇ ਜਪੁਜੀ ਸਾਹਿਬ ਦੇ ਪੰਜਵੇਂ ਪਾਠ ਦਾ ਭੋਗ ਪਾਇਆ ਤਾਂ ਆਪ ਨੇ ਅਕਾਲ ਪੁਰਖ ਅਗੇ ਸਿਰ ਨਿਵਾਇਆ। ਇਸ ਵੇਲੇ ਜਲਾਦ ਨੇ ਤਲਵਾਰ ਚਲਾਈ। ਗੁਰੂ ਜੀ ਦਾ ਸਿਰ ਧੜ ਤੋਂ ਜੁਦਾ ਹੋ ਗਿਆ। ਇਹ ਭਿਆਨਕ ਤੇ ਦਿਲ ਹਿਲਾ ਦੇਣ ਵਾਲਾ ਦ੍ਰਿਸ਼ ਦੇਖ ਕੇ ਹਜ਼ਾਰਾਂ ਦੇਖਣ ਵਾਲੇ ਹਿੰਦੂ ਮੁਸਲਮਾਨਾਂ ਵਿਚ ਹਾ ਹਾ ਕਾਰ ਮੱਚ ਗਈ। ਪਰ ਦੇਵ



www.AKJ.Org

ਲੋਕ ਵਿਚ ਗੁਰੂ ਜੀ ਦੇ ਸਚਖੰਡ ਵਿਚ ਪਰਵੇਸ਼ ਕਰਨ ਦੀ ਖੁਸ਼ੀ ਅਤੇ ਸਵਾਗਤ ਵਿਚ ਜੈ ਜੈ ਕਾਰ ਦੀ ਧੁਨੀ ਗੂੰਜ ਉਠੀ। ਜਿਵੇਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਬਚਿਤ੍ਰ ਨਾਟਕ ਵਿਚ ਵਰਨਣ ਕੀਤਾ ਹੈ ਕਿ :—

ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ ॥
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ ॥

ਇਹ ਸਾਕਾ ਮੱਘਰ ਸੁਦੀ ੫ (੧੧ ਮਘਰ) ਸੰਮਤ ੧੭੩੨ ਮੁਤਾਬਕ ੧੧ ਨਵੰਬਰ ਸੰਨ ੧੬੭੫ ਨੂੰ ਵੀਰਵਾਰ ਦੇ ਦਿਨ ਹੋਇਆ। ਆਪ ਜੀ ਦੀ ਸ਼ਹੀਦੀ ਵਾਲੀ ਥਾਂ ਤੇ ਦਿਲੀ ਵਿਚ ਗੁਰਦਵਾਰਾ ਸੀਸਗੰਜ ਸਸ਼ੋਭਿਤ ਹੈ।

ਗੁਰੂ ਜੀ ਦੀ ਸ਼ਹੀਦੀ ਤੋਂ ਉਪ੍ਰੰਤ ਕਹਿਰ ਦੀ ਹਨੇਰੀ ਆਈ ਅਤੇ ਮਿਟੀ-ਧੂੜ ਏਨੀ ਉਡੀ ਕਿ ਸਭ ਪਾਸੇ ਹਨੇਰਾ ਛਾ ਗਿਆ। ਗਰਦੋ ਗੁਬਾਰ ਵਿਚ ਕੁਝ ਨਜ਼ਰੀ ਨਹੀਂ ਸੀ ਆਉਂਦਾ। ਭਾਈ ਜੈਤਾ ਜੀ ਨੇ ਇਹ ਮੌਕਾ ਤਾੜ ਕੇ ਗੁਰੂ ਜੀ ਦੇ ਪਵਿਤਰ ਸੀਸ ਨੂੰ ਚੁਕ ਕੇ ਚਾਦਰ ਵਿਚ ਲਪੇਟ ਲਿਆ ਤੇ ਉਹ ਅਨੰਦ-ਪੁਰ ਨੂੰ ਰਵਾਨਾ ਹੋ ਗਿਆ। ਮੰਜ਼ਲਾਂ ਤੈਅ ਕਰਦਾ ਉਹ ਕੀਰਤਪੁਰ ਜਾ ਪੁਜਾ ਤੇ ਉਥੋਂ ਦਸਮ ਗੁਰੂ ਜੀ ਨੂੰ ਖ਼ਬਰ ਭੇਜੀ। ਗੁਰੂ ਜੀ ਸੰਗਤਾਂ ਸਮੇਤ ਸੀਸ ਨੂੰ ਬੜੇ ਸਤਿਕਾਰ ਨਾਲ ਪਾਲਕੀ ਵਿਚ ਅਨੰਦਪੁਰ ਸਾਹਿਬ ਲੈ ਗਏ ਤੇ ਬੜੇ ਅਦਬ ਨਾਲ ਸਸਕਾਰ ਕੀਤਾ। ਸਸਕਾਰ ਵਾਲੀ ਥਾਂ ਤੇ ਗੁਰਦਵਾਰਾ ਸੀਸ ਗੰਜ ਬਣਾਇਆ ਗਿਆ।

ਭਾਈ ਜੈਤਾ ਜੀ ਦੇ ਜਾਣ ਪਿਛੋਂ ਭਾਈ ਊਦਾ ਜੀ ਦੀ ਕੋਸ਼ਿਸ਼ ਸੀ ਕਿ ਉਹ ਕਿਸੇ ਤਰ੍ਹਾਂ ਗੁਰੂ ਜੀ ਦੇ ਧੜ ਦੀ ਸੰਭਾਲ ਕਰ ਲਵੇ। ਉਸ ਨੇ ਲਖੀ ਸ਼ਾਹ ਨੂੰ ਗਡੇ ਲਿਜਾਂਦੇ ਦੇਖਿਆ। ਲਖੀ ਸ਼ਾਹ ਗੁਰੂ-ਘਰ ਦਾ ਸ਼ਰਧਾਲੂ ਸੀ। ਭਾਈ ਊਦਾ ਜੀ ਨੇ ਉਸ ਨਾਲ ਗੱਲ-ਬਾਤ ਕੀਤੀ। ਲਖੀ ਸ਼ਾਹ ਹੋਰ ਸਾਥੀਆਂ ਦੀ ਸਹਾਇਤਾ ਨਾਲ ਝਖੜ ਹਨੇਰੀ ਦਾ ਫ਼ਾਇਦਾ ਉਠਾਂ-ਦਿਆਂ ਮਹਾਰਾਜ ਦੇ ਧੜ ਨੂੰ ਗਡੇ ਵਿਚ ਪਾ ਕੇ ਆਪਣੇ ਘਰ ਲੈ ਗਿਆ। ਪਹਿਰੇਦਾਰਾਂ ਨੂੰ ਪਤਾ ਹੀ ਨਾ ਲਗਾ। ਉਥੇ ਆਪਣੇ ਘਰ ਵਿਚ ਗੁਰੂ ਜੀ ਦੇ ਧੜ ਦਾ, ਚਿਖਾ ਬਣਾ ਕੇ ਸਸਕਾਰ ਕਰ ਦਿਤਾ ਤੇ ਨਾਲ ਹੀ ਆਪਣੇ ਘਰ ਨੂੰ ਅੱਗ ਲਾ ਦਿਤੀ। ਦਸਦੇ ਹਨ ਕਿ ਪਿਛੋਂ ਹਕੂਮਤ ਦੇ ਆਦਮੀ ਭਾਲ ਕਰਦੇ ਲਖੀ ਸ਼ਾਹ ਦੇ ਘਰ ਤਕ ਪੁਜ ਗਏ, ਪਰ ਅਗੇ ਜਾ ਕੇ ਇਹ ਦੇਖਿਆ ਕਿ ਉਸ ਦੇ ਘਰ ਨੂੰ ਅੱਗ ਲਗੀ ਹੋਈ ਹੈ। ਅਤੇ ਲੋਕੀਂ ਕਹਿ ਰਹੇ ਸਨ ਕਿ ਅਗ ਲਗ ਗਈ ਹੈ। ਇਹ ਦੇਖ ਸੁਣ ਕੇ ਉਹ ਵਾਪਸ ਮੁੜ ਗਏ। ਲਖੀ ਸ਼ਾਹ ਨੇ ਵੀ ਇਹ ਵਾਰਤਾ ਅਨੰਦਪੁਰ ਕੁਝ ਦਿਨਾਂ ਬਾਅਦ ਜਾ ਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਸੁਣਾਈ। ਜਿਸ ਥਾਂ ਲਖੀ ਸ਼ਾਹ ਦਾ ਘਰ ਸੀ, ਜਿਥੇ ਧੜ ਦਾ ਸਸਕਾਰ ਕੀਤਾ ਗਿਆ ਸੀ, ਉਥੇ ਹੁਣ ਗੁਰਦਵਾਰਾ ਰਕਾਬਗੰਜ ਹੈ।

ਇਉਂ ਗੁਰੂ ਤੇਗ ਬਹਾਦਰ ਜੀ ਨੇ ਹਿੰਦੂ ਧਰਮ ਦੀ ਖ਼ਾਤਰ, ਮਜ਼ਲੂਮਾਂ ਤੇ ਦੁਖੀਆਂ ਦੀ ਖ਼ਾਤਰ ਬਲੀਦਾਨ ਦੇ ਕੇ ਮੁਰਦਾ ਹੋ ਚੁਕੀ ਹਿੰਦੂ ਕੌਮ ਵਿਚ ਧਰਮ ਦੀ ਖ਼ਾਤਰ ਮਰ ਮਿਟਣ, ਅਣਖ, ਅਤੇ ਸੁਤੰਤਰ ਜੀਵਨ ਜੀਣ ਦੇ ਜਜ਼ਬੇ ਨੂੰ ਉਭਾਰਿਆ। ਬਹੁਤ ਸਾਰੇ ਸ਼ਰਧਾਲੂ ਧੜ ਦੀ ਬਾਜ਼ੀ ਲਾਉਣ ਲਈ ਦਸਮੇਸ਼ ਦੇ ਝੰਡੇ ਥਲੇ ਇਕੱਤਰ ਹੋ ਗਏ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨਾਲ ਔਰੰਗਜ਼ੇਬ ਦੀਆਂ ਆਸਾਂ ਵੀ ਮਿਟੀ ਵਿਚ ਮਿਲ ਗਈਆਂ ਅਤੇ ਇਸ ਜ਼ੁਲਮ ਦੇ ਰਾਜ ਦੇ ਤਖਤੇ ਹਿਲ ਗਏ। ਉਹ ਸਮਝੀ ਬੈਠਾ ਸੀ ਕਿ ਗੁਰੂ ਤੇਗ ਬਹਾਦਰ ਜੀ ਮੁਸਲਮਾਣ ਬਣ ਜਾਣਗੇ ਤੇ ਫਿਰ ਕਸ਼ਮੀਰੀ ਪੰਡਤਾਂ ਦੀ ਇਤਲਾਹ ਅਨੁਸਾਰ ਸਭ ਹਿੰਦੂ ਮੁਸਲਮਾਨ ਬਣ ਜਾਣਗੇ, ਪਰ ਉਸ ਦੀ ਇਹ ਆਸ ਪੂਰੀ ਨਾ ਹੋਈ। ਉਹ ਨਿਰਾਸ ਹੋ ਗਿਆ ਤੇ ਦੂਜੇ ਪਾਸੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਅਸਰ ਨਾਲ ਬਹੁਤ ਸਾਰੇ ਹਿੰਦੂ ਆਪਣੇ ਧਰਮ ਤੇ ਡੱਟ ਗਏ। ਉਨ੍ਹਾਂ ਵਿਚ ਧੱਕੇ ਅਤੇ ਜ਼ੁਲਮ ਵਿਰੁੱਧ ਡੱਟ ਜਾਣ ਦਾ ਸਾਹਸ ਪੈਦਾ ਹੋ ਗਿਆ। ਇਉਂ ਗੁਰੂ ਜੀ ਨੇ ਉਨ੍ਹਾਂ ਦਾ ਤਿਲਕ ਅਤੇ ਜਨੇਊ ਰਖ ਲਿਆ। ਕਲਜੁਗ ਵਿਚ ਐਸੀ ਮਹਾਨ ਸ਼ਹਾਦਤ ਦੇ ਕੇ ਆਪ ਨੇ ਦੁਨੀਆ ਨੂੰ ਇਕ ਮਹਾਨ ਸਾਕਾ ਕਰ ਦਿਖਾਇਆ :—

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ ॥
ਕੀਨੋ ਬਡੋ ਕਲੂ ਮਹਿ ਸਾਕਾ ॥



www.AKJ.Org

# ਰੰਘਰੇਟੇ ਗੁਰੂ ਕੇ ਬੇਟੇ

(ਵਲੋਂ :—ਪ੍ਰਿੰਸੀਪਲ ਸੁਜਾਨ ਸਿੰਘ ਜੀ, ਗੁਰਦਾਸਪੁਰ)

ਸਾਹਿਬਜ਼ਾਦਾ ਗੋਬਿੰਦ ਰਾਇ ਜੀ ਆਪਣੇ ਉਸ ਨਿੱਕੇ ਆਸਣ ਤੇ ਬੈਠੇ ਸਨ ਜਿਸ ਤੇ ਬੈਠ ਕੇ ਉਹ ਪਿਤਾ ਗੁਰੂ ਤੇਗ ਬਹਾਦਰ ਜੀ ਦੇ ਉਪਦੇਸ਼ ਸੁਣਿਆ ਕਰਦੇ ਸਨ। ਮਹਾਂ ਮਾਤਾ ਨਾਨਕੀ ਜੀ ਅਤੇ ਮਾਤਾ ਗੁਜਰੀ ਜੀ ਉਨ੍ਹਾਂ ਦੇ ਦੁਵਲੀਂ ਕੁਝ ਪਿੱਛੇ ਹਟ ਕੇ ਬੈਠੇ ਸਨ। ਸਾਹਮਣੇ ਪਾਸੇ ਰਮਦਾਸ ਨਿਵਾਸੀ ਭਾਈ ਜੈਂਤਾ ਰੰਘਰੇਟਾ ਅਦਬ ਸਹਿਤ ਬੈਠ ਕੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੀ ਕਥਾ ਸ-ਵਿਸਤਾਰ ਸੁਣਾ ਰਿਹਾ ਸੀ। ਪਿੱਛੇ ਗੁਰੂ ਘਰ ਦੇ ਮਸੰਦ ਅਤੇ ਹੋਰ ਸਿੱਖ ਬੈਠੇ ਬੜੇ ਧਿਆਨ ਨਾਲ ਇਸ ਮਹਾਨ ਸਾਕੇ ਦੀ ਅੰਤਲੀ ਕੜੀ ਦਾ ਵਰਨਨ ਸੁਣ ਰਹੇ ਸਨ। ਗੁਰ-ਗੱਦੀ ਉਸੇ ਤਰ੍ਹਾਂ ਲੱਗੀ ਹੋਈ ਸੀ ਜਿਸ ਤਰ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਲੱਗਦੀ ਹੁੰਦੀ ਸੀ, ਪਰ ਇਹ ਇਸ ਸਮੇਂ ਖ਼ਾਲੀ ਪਈ ਸੀ।

"ਸਤਿਗੁਰੂ ਜੀ ਦਾ ਦੋ-ਟੁੱਕ ਉੱਤਰ ਸੁਣ ਕੇ ਅਹਿਲਕਾਰ ਕਾਜ਼ੀ ਤੇ ਮੁਲਾਣੇ ਬਹੁਤ ਔਖੇ ਹੋਏ। ਉਨ੍ਹਾਂ ਦਾ ਖਿਆਲ ਸੀ ਕਿ ਭਾਈ ਮਤੀ ਦਾਸ ਅਤੇ ਭਾਈ ਦਿਆਲਾ ਜੀ ਦੀ ਸ਼ਹੀਦੀ ਮਗਰੋਂ ਸਤਿਗੁਰੂ ਅਜ਼ਮਤ ਦਿਖਾਉਣੀ ਮੰਨ ਜਾਣਗੇ। ਉਨ੍ਹਾਂ ਨੂੰ ਇਹ ਪੱਕਾ ਯਕੀਨ ਸੀ ਕਿ ਧਰਮ ਦਾ ਤਿਆਗ ਉਹ ਕਦੇ ਨਹੀਂ ਕਰਨ ਲੱਗੇ। ਪਰ ਉਹ ਦੁਨੀਆਦਾਰ ਲੋਕ ਇਹ ਸਮਝੀ ਬੈਠੇ ਸਨ ਕਿ ਗੁਰੂ ਜੀ ਸਰੀਰ ਤਿਆਗਣ ਦੀ ਥਾਂ ਕਰਾਮਾਤ ਦਿਖਾਉਣੀ ਪਸੰਦ ਕਰਨਗੇ। ਰਾਮ ਰਾਇ ਜੀ ਦੇ ਕਰਾਮਾਤਾਂ ਦਿਖਾਉਣ ਕਾਰਨ, ਉਹ ਕਰਾਮਾਤ ਦਿਖਾਉਣ ਨੂੰ ਕੋਈ ਮੰਦਾ ਵੀ ਨਹੀਂ ਸਨ ਸਮਝਦੇ ਅਤੇ ਉਨ੍ਹਾਂ ਦੇ ਮਜ਼ਹਬ ਮੁਤਾਬਕ ਕਰਾਮਾਤ ਪੈਗ਼ੰਬਰੀ ਦੀ ਨਿਸ਼ਾਨੀ ਵੀ ਸਮਝੀ ਜਾਂਦੀ ਹੈ। ਉਹ ਅੰਦਰਲੇ ਮਨੋਂ ਗੁਰੂ ਸਾਹਿਬ ਨੂੰ ਕਰਾਮਾਤੀ ਪੀਰ ਵੀ ਸਮਝਦੇ ਸਨ। ਸ੍ਰੀ ਗੁਰੂ ਜੀ ਦੇ ਦੀਨ ਇਸਲਾਮ ਕਬੂਲ ਕਰਨ ਤੋਂ ਇਨਕਾਰ ਅਤੇ ਕਰਾਮਾਤ ਦਿਖਾਉਣ ਤੋਂ ਨਾਂਹ ਕਰਨ ਤੇ ਔਰੰਗਜ਼ੇਬ ਦਾ ਤੀਸਰਾ ਹੁਕਮ ਹੀ ਰਹਿ ਜਾਂਦਾ ਸੀ ਕਿ ਸਤਿਗੁਰੂ ਜੀ ਨੂੰ ਚੌਰਾਹੇ ਤੇ ਕਤਲ ਕਰਾ ਦਿੱਤਾ ਜਾਵੇ। ਸੋ ਔਖੇ ਹੋਏ ਇਨ੍ਹਾਂ ਕਾਜ਼ੀਆਂ-ਮੁਲਾਣਿਆਂ ਨੇ ਗੁਰੂ ਜੀ ਦੇ ਕਤਲ ਦਾ ਦਿਨ ੧੧ ਮਘਰ ਨੀਯਤ ਕੀਤਾ। ੧੦ ਮਘਰ ਨੂੰ ਕਈ ਢੰਡੋਰਚੀ ਲਾ ਕੇ ਇਸ ਗੱਲ ਦਾ ਢੰਡੋਰਾ ਦਿੱਲੀ ਦੀ ਗਲੀ ਗਲੀ ਕੂਚੇ ਕੂਚੇ ਵਿਚ ਦਿਤਾ ਗਿਆ।"

ਸਾਹਿਬਜ਼ਾਦਾ ਗੋਬਿੰਦ ਰਾਏ ਜੀ ਗੰਭੀਰ ਪਰ ਸੁਰੀਲੇ ਸੁਰ ਵਿਚ ਬੋਲੇ, "ਭਾਈ ਸਾਹਿਬ, ਭਾਈ ਗੁਰਦਾਸ ਜੀ ਦੀ ਰਚਨਾ ਵਿਚ ਆਦਿ ਗੁਰੂ ਨਾਨਕ ਦੇਵ ਜੀ ਮਹਾਰਾਜ ਵਲੋਂ ਸਿੱਧਾਂ ਨੂੰ ਕਹੇ ਗਏ ਵਾਕ, 'ਬਾਝੋ ਸੱਚੇ ਨਾਮ ਦੇ ਹੋਰੁ ਕਰਾਮਾਤ ਅਸਾਂ ਤੇ ਨਾਹੀ' ਦਾ ਇਨ੍ਹਾਂ ਦੁਨੀਦਾਰ ਮੁਲਾਂ-ਕਾਜ਼ੀਆਂ ਨੂੰ ਕੀ ਪਤਾ ਸੀ? ਤੇ ਉਹ 'ਸੱਚਾ ਨਾਮ' ਪਿਤਾ ਸਤਿਗੁਰੂ ਜੀ ਨੂੰ ਜ਼ੁਲਮ ਦੀ ਅੱਗ ਠੰਡੀ ਕਰਨ ਲਈ ਸੀਸ ਦੇਣ ਦਾ ਸੰਕੇਤ ਕਰ ਰਿਹਾ ਸੀ। ਕੂੜ ਅਤੇ ਜ਼ੁਲਮ ਨੂੰ ਦੂਰ ਕਰਨ ਲਈ ਆਪਣੇ ਸੀਸ ਤੇ ਰੱਤ ਦਾ ਬਲੀਦਾਨ ਕਰਨਾ ਸਭ ਤੋਂ ਵੱਡੀ ਅਜ਼ਮਤ ਹੈ—ਇਹ ਉਨ੍ਹਾਂ ਰਾਜ-ਸੱਤਾ ਨਾਲ ਅੰਨ੍ਹੇ ਹੋਏ ਅਧਿਕਾਰੀਆਂ ਨੂੰ ਕਿਵੇਂ ਸਮਝ ਵਿਚ ਆ ਸਕਦਾ ਸੀ?"

ਭਾਈ ਜੈਂਤਾ ਜੀ ਨੇ ਹਾਂ ਵਿਚ ਸਿਰ ਹਿਲਾਉਂਦਿਆਂ ਕਿਹਾ, "ਆਪ ਦਾ ਕਥਨ ਸਤ ਹੈ, ਮਹਾਰਾਜ ਜੀ।"

ਮਰਮੀ ਸਿੱਖਾਂ ਨੇ ਵੀ ਇਸ ਕਥਨ ਤੇ ਸਿਰ ਹਿਲਾਏ। ਮਾਤਾ ਗੁਜਰੀ ਜੀ ਨੇ, ਜੋ ਆਪਣੇ ਸਪੁੱਤਰ ਦੀ ਸਤਿਗੁਰੂ-ਪਤੀ ਜੀ ਦੇ ਸਲੋਕਾਂ ਦੀ ਵਿਆਖਿਆ ਨਾਲ ਸ਼ਾਂਤ-ਚਿਤ ਹੋ ਚੁਕੇ ਸਨ, ਆਪਣੇ ਸਪੁੱਤਰ ਵੱਲ ਪਿਆਰ ਭਰੀ ਦ੍ਰਿਸ਼ਟੀ ਨਾਲ ਦੇਖਿਆ। ਮਹਾਂ-ਮਾਤਾ ਨਾਨਕੀ ਜੀ ਨੇ ਉਨ੍ਹਾਂ ਵਿਚ ਆਪਣੇ ਪਤੀ ਸ੍ਰੀ ਗੁਰੂ ਹਰਿਗੋਬਿੰਦ ਜੀ ਅਤੇ ਆਪਣੇ ਸਪੁੱਤਰ ਗੁਰੂ ਤੇਗ ਬਹਾਦਰ ਜੀ ਦੀ ਜੋਤੀ ਦਾ ਪ੍ਰਕਾਸ਼ ਦੇਖ ਕੇ ਮਨ ਹੀ



www.AKJ.Org

ਮਨ ਅਸੀਸ ਦਿੱਤੀ ਤਾਂ ਸਾਹਿਬਜ਼ਾਦਾ ਗੋਬਿੰਦ ਰਾਇ ਜੀ ਦਾਦੀ ਜੀ ਵੱਲ ਦੇਖ ਕੇ ਮੁਸਕਰਾਏ ਤੇ ਸੀਸ ਨਿਵਾਇਆ।

ਭਾਈ ਜੈਤਾ ਜੀ ਨੇ ਆਗਿਆ ਪਾ ਕੇ ਬ੍ਰਿਤਾਂਤ ਫੇਰ ਸ਼ੁਰੂ ਕੀਤਾ—

''ਦਾਸ ਸਤਿਗੁਰਾਂ ਦੇ ਦਰਸ਼ਨ ਦੋ ਦਿਨ ਪਹਿਲਾਂ ਕਰ ਚੁੱਕਾ ਸੀ। ਕੈਦਖ਼ਾਨੇ ਵਿਚ, ਜੋ ਕੋਤਵਾਲੀ ਦੇ ਅੰਦਰ ਸੀ, ਉਨ੍ਹਾਂ ਨੂੰ ਇਕ ਲੋਹੇ ਦੇ ਪਿੰਜਰੇ ਵਿਚ ਰੱਖਿਆ ਗਿਆ ਸੀ। ਕੈਦਖ਼ਾਨੇ ਦਾ ਜਮਾਦਾਰ ਮੁਸਲਮਾਨ ਹੁੰਦਿਆਂ ਹੋਇਆਂ ਵੀ ਗੁਰੂ ਜੀ ਦੀ ਅਜ਼ਮਤ ਦਾ ਕਾਇਲ ਸੀ। ਭਾਈ ਗੁਰਦਿੱਤਾ ਜੀ ਦੇ ਕਹਿਣ ਤੇ ਉਹ ਸਤਿਗੁਰਾਂ ਦੇ ਦਰਸ਼ਨਾਂ ਲਈ ਮੈਨੂੰ ਬਾਹਰੋਂ ਬੁਲਾ ਕੇ ਲੈ ਗਿਆ ਸੀ। ਦੁਖ-ਸੁਖ ਨੂੰ ਸਮ ਕਰ ਜਾਨਣ ਵਾਲੇ ਖਿੜੇ ਹੋਏ ਚਿਹਰੇ, ਤੇ ਤੇਜ ਨਾਲ ਦੱਗ ਦੱਗ ਕਰਦੇ ਮੱਥੇ ਉਤੇ ਕਿਤੇ ਚਿੰਤਾ ਦੀ ਰੇਖ ਮਾਤਰ ਵੀ ਨਾਹੀਂ ਸੀ। ਦਾਸ ਦੇ ਨਮਸਕਾਰ ਕਰਨ ਤੇ ਸਤਿਗੁਰੂ ਮੁਸਕਰਾਏ। ਫ਼ੁਰਮਾਇਆ, 'ਭਾਈ ਜੈਤਾ ਜੀ, ਸਾਡਾ ਚੋਲਾ ਤਿਆਗਣ ਦਾ ਸਮਾਂ ਆ ਗਿਆ ਹੈ। ਮਸੀਂ ਦੋ ਤਿੰਨ ਦਿਨ ਹੋਰ ਹਨ। ਗੁਰੂ ਗੋਬਿੰਦ ਜੀ ਹੋਣਗੇ, ਸਤਿਗੁਰੂ ਨਾਨਕ ਦੀ ਦਾਤ 'ਨਾਮ' ਸਦਾ ਵਰਤੇਗਾ, ਸਾਧੂ-ਸਿੱਖ ਉਨ੍ਹਾਂ ਦੀ ਅਗਵਾਈ ਵਿਚ ਸਦੀਵੀ ਜੀਵਨ ਪ੍ਰਾਪਤ ਕਰਨਗੇ। ਅੰਤ ਸਮੇਂ ਤੁਸੀਂ ਜੁੜੇ ਲੋਕਾਂ ਵਿਚ ਮੇਰੇ ਲਾਗੇ ਪਹੁੰਚਣਾ ਤੇ ਸਾਡਾ ਸਿਰ ਅਨੰਦਪੁਰ ਪਹੁੰਚਾਉਣਾ।'

''ਜਦ ਦਾਸ ਨੇ ਆਪਣੇ ਬਲ ਅਤੇ ਸਮਰੱਥਾ ਦੀ ਅਲਪਤਾ, ਰਸਤੇ ਦੀ ਦੂਰੀ ਤੇ ਕਾਰਜ ਦੀ ਕਠਨਾਈ ਬਾਰੇ ਅਰਜ਼ ਕੀਤੀ ਤਾਂ ਸਤਿਗੁਰਾਂ ਫ਼ੁਰਮਾਇਆ, 'ਭਾਈ ਜੀ, ਤੁਹਾਡੇ ਉੱਦਮ ਦੀ ਸਹਾਇਤਾ ਅਤੇ ਤੁਹਾਡੀ ਰੱਖਿਆ ਅਕਾਲ ਪੁਰਖ ਆਪ ਕਰਨਗੇ।'

''ਜਮਾਦਾਰ ਦੇ ਫਿਕਰ ਦਾ ਖ਼ਿਆਲ ਕਰਦਿਆਂ ਸਤਿਗੁਰਾਂ ਮੇਰੇ ਤੇ ਖ਼ੁਸ਼ੀ ਕੀਤੀ ਅਤੇ ਵਾਹਿਗੁਰੂ ਦੀਆਂ ਮਿਹਰਾਂ ਦੀ ਬਖ਼ਸਿਸ਼ ਕਰ ਕੇ ਮੈਨੂੰ ਵਿਦਾ ਹੋਣ ਨੂੰ ਕਿਹਾ। ਸਤਿਗੁਰੂ ਜੀ ਦੀ ਆਗਿਆ ਮੰਨ ਕੇ ਮੈਂ ਬਾਹਰ ਆਇਆ ਅਤੇ ਭਾਈ ਊਦਾ ਜੀ ਦੀ ਭਾਲ ਕਰ ਕੇ ਆਪਣੇ ਤੇ ਲੱਗੀ ਸੇਵਾ ਨੂੰ ਨਿਭਾਉਣ ਲਈ ਉੱਦਮ ਅਰੰਭ ਦਿੱਤੇ। ਬਜ਼ਾਰ ਵਿਚ ਜਾ ਕੇ ਮੁਸਲਮਾਨੀ ਰੰਗਾਂ ਤੇ ਕਤਹ ਦੀ ਪੁਸ਼ਾਕ ਖ਼ਰੀਦੀ ਅਤੇ ਚਿੱਟੇ ਤੇ ਲਾਲ ਰੰਗ ਦੀਆਂ ਚਾਦਰਾਂ ਖ਼ਰੀਦੀਆਂ। ਮੁਸਲਮਾਨੀ ਲਿਬਾਸ ਵਿਚ ਫਿਰਦਿਆਂ ਤੁਰਦਿਆਂ ਮੈਨੂੰ ਪਤਾ ਲਗਾ ਕਿ ਕਈ ਮੁਸਲਮਾਨ ਵੀ ਸਤਿਗੁਰਾਂ ਨੂੰ ਅਕਹਿ ਅਤੇ ਅਸਹਿ ਕਸ਼ਟ ਦਿਤੇ ਜਾਣ ਨੂੰ ਬੁਰਾ ਸਮਝਦੇ ਸਨ। ਉਹ ਬਹੁਤੇ ਸੂਫ਼ੀ ਲੋਕ ਜਾਂ ਸ਼ੀਏ ਮੁਸਲਮਾਨ ਸਨ। ਪਰ ਉਹ ਖੁਲ੍ਹ ਕੇ ਨਾ ਕੁਝ ਕਹਿ ਸਕਦੇ ਸਨ ਤੇ ਨਾ ਕੁਝ ਕਰ ਸਕਦੇ ਸਨ।

''੧੧ ਮਘਰ ਨੂੰ ਪਹਿਰ ਕੁ ਦਿਨ ਬੀਤਣ ਤੋਂ ਮਗਰੋਂ ਚਾਂਦਨੀ ਚੌਕ ਵਿਚ ਕੋਤਵਾਲੀ ਦੇ ਲਾਗਲੇ ਖੁਲ੍ਹੇ ਥਾਂ ਤੇ ਬਜ਼ਾਰਾਂ ਵਿਚ ਲੋਕ ਇਕੱਠੇ ਹੋਣੇ ਸ਼ੁਰੂ ਹੋ ਗਏ। ਦੁਪਹਿਰ ਤੋਂ ਪਹਿਲਾਂ ਸਤਿਗੁਰੂ ਜੀ ਨੂੰ ਲੋਹੇ ਦੇ ਪਿੰਜਰੇ ਵਿਚੋਂ ਕਢ ਕੇ ਲਿਆਂਦਾ ਗਿਆ। ਮਹੀਨਿਆਂ ਬੱਧੀ ਕਸ਼ਟ ਦਿੱਤੇ ਜਾਣ ਤੇ ਵੀ ਸਤਿਗੁਰਾਂ ਦਾ ਚਿਹਰਾ ਝੰਵਿਆਂ ਨਹੀਂ ਸੀ। ਕਾਜ਼ੀ ਤੇ ਮੁਲਾਣਿਆਂ ਨੇ ਸਤਿਗੁਰਾਂ ਨੂੰ ਕਤਲ ਲਈ ਤਿਆਰ ਹੋ ਜਾਣ ਲਈ ਕਿਹਾ। ਕਈ ਮੁਸਲਮਾਨ ਅਮੀਰ ਤੇ ਵਜ਼ੀਰ ਉਨ੍ਹਾਂ ਨਾਲ ਸਨ। ਦੇਵਕੱਦ ਸੱਯਦ ਜਲਾਲ ਦੀਨ ਜੱਲਾਦ, ਜਿਸ ਨੂੰ ਸਮਾਣੇ ਦਾ ਵਸਨੀਕ ਕਹਿੰਦੇ ਸਨ, ਭਾਰੀ ਤੇਗ ਲਈ ਹਾਜ਼ਰ ਸੀ। ਸੱਯਦ ਜਲਾਲ ਦੀਨ ਦੇ ਬਲ ਤੇ, ਅਤੇ ਹਵਾ ਨਾਲੋਂ ਪਤਲੀ ਵਾਢ ਵਾਲੀ ਤੇਗ ਤੇ ਕਿਸੇ ਨੂੰ ਸ਼ੱਕ ਨਹੀਂ ਸੀ। ਮੈਂ ਸਰਦੀ ਪੁੱਜਦੀ ਵਾਲੇ ਮੁਸਲਮਾਨਾਂ ਨਾਲ ਰਲ ਕੇ ਮੂਹਰਲੀ ਕਤਾਰ ਵਿਚ ਜਾ ਪਹੁੰਚਾ। ਸਤਿਗੁਰਾਂ ਨੇ ਇਸ਼ਨਾਨ ਕਰਨ ਦੀ ਇਛਿਆ ਪਰਗਟ ਕੀਤੀ। ਕੁਤਵਾਲੀ ਲਾਗਲੇ ਖੂਹ ਤੇ ਸਤਿਗੁਰਾਂ ਨੇ ਇਸ਼ਨਾਨ ਕੀਤਾ ਅਤੇ ਜੱਲਾਦ ਨੂੰ ਕਿਹਾ, 'ਅਸੀਂ ਇਸ ਬੋੜ੍ਹ ਥੱਲੇ ਬੈਠ ਕੇ ਪਾਠ ਕਰਾਂਗੇ। ਜਦ ਅਸੀਂ ਪਾਠ ਸੰਪੂਰਨ ਕਰ ਕੇ ਰੱਬ ਦੀ ਦਰਗਾਹ ਵਿਚ ਮੱਥਾ ਟੇਕ ਲਈਏ ਤਾਂ ਤੁਸਾਂ ਆਪਣੇ ਜ਼ਿੰਮੇ ਲਗਾ ਕੰਮ ਪੂਰਾ ਕਰ ਲੈਣਾ।'

''ਸਤਿਗੁਰੂ ਇਸ਼ਨਾਨ ਕਰ ਚੁੱਕਣ ਮਗਰੋਂ ਬਸਤਰ ਬਦਲ ਕੇ ਚੌਕੜੀ ਅਸਥਿਤ ਹੋ ਗਏ ਅਤੇ ਸਤਿਗੁਰੂ



www.AKJ.Org

ਨਾਨਕ ਦੇਵ ਜੀ ਦੀ ਜਪੁ ਬਾਣੀ ਦਾ ਪਾਠ ਅਰੰਭ ਕਰ ਦਿੱਤਾ। ਮੈਂ ਇਸ ਸਮੇਂ ਹਿੱਲ ਜੁਲ ਕੇ ਉਸ ਪਾਸੇ ਹੋਣ ਵਿਚ ਸਫ਼ਲ ਹੋਇਆ ਜਿਸ ਪਾਸੇ ਸਾਹਿਬਾਂ ਦਾ ਸਾਹਮਣਾ ਰੁਖ਼ ਸੀ। ਦਿੱਲੀ ਨਿਵਾਸੀ ਮੁਸਲਮਾਨ, ਹਿੰਦੂ ਤੇ ਸਿੱਖ ਹਜ਼ਾਰਹਾਂ ਦੀ ਗਿਣਤੀ ਵਿਚ, ਵਰਤਣ ਵਾਲੇ ਸਾਕੇ ਨੂੰ ਦੇਖਣ ਲਈ ਕੋਤਵਾਲੀ ਲਾਗਲੇ ਖੁਲ੍ਹੇ ਮੈਦਾਨ ਤੇ ਚਾਂਦਨੀ ਚੌਕ ਵਿਚ ਇਕੱਠੇ ਹੋਏ ਹੋਏ ਸਨ। ਪਾਠ ਸਮੇਂ ਇਉਂ ਚੁੱਪ ਛਾਈ ਹੋਈ ਸੀ ਮਾਨੋ ਆਲੇ-ਦੁਆਲੇ ਦੇ ਸਥਲ ਵਿਖੇ ਕੋਈ ਜੀਊਂਦਾ ਜੀਵ ਹੀ ਨਹੀਂ ਹੁੰਦਾ। ਦੁਪਹਿਰ ਤੋਂ ਇਕ ਘੜੀ ਮਗਰੋਂ ਸਤਿਗੁਰਾਂ ਜਪੁ ਜੀ ਦੀ ਅੰਤਮ ਪਉੜੀ ਦਾ ਪਾਠ ਸੰਪੂਰਨ ਕਰ ਕੇ ਸਲੋਕ ਦਾ ਪਾਠ ਅਰੰਭਿਆ ਤੇ ਨਾਲ ਹੀ ਜੱਲਾਦ ਨੂੰ ਸੰਕੇਤ ਕੀਤਾ। ਜੱਲਾਦ ਨੇ ਮਿਆਨ ਵਿਚੋਂ ਤੇਗ ਕੱਢ ਕੇ ਉਸ ਦੀ ਧਾਰ ਅਤੇ ਮਜ਼ਬੂਤੀ ਦਾ ਮੁਆਇਨਾ ਕੀਤਾ। ਇਉਂ ਪਰਤੀਤ ਹੁੰਦਾ ਸੀ ਜਿਵੇਂ ਤੇਗ ਅਤੇ ਆਪਣੇ ਬਲ ਉੱਤੇ ਉਸ ਨੂੰ ਸ਼ੱਕ ਹੋ ਗਿਆ ਹੋਵੇ। ਸਤਿਗੁਰਾਂ ਸਲੋਕ ਸੰਪੂਰਨ ਕਰ ਕੇ ਪਾਠ ਦਾ ਭੋਗ ਪਾਇਆ ਅਤੇ ਅਕਾਲ ਪੁਰਖ ਵਾਹਿਗੁਰੂ ਦੀ ਹਜ਼ੂਰੀ ਵਿਚ ਮੱਥਾ ਟੇਕਿਆ। ਫੇਰ, ਨਾ ਕਿਸੇ ਨੂੰ ਭੈ ਦੇਣ ਤੇ ਨਾ ਕਿਸੇ ਦਾ ਭੈ ਮੰਨਣ-ਵਾਲੇ ਸਤਿਗੁਰੂ ਜੀ ਚੌਕੜੀ ਪੱਕੀ ਕਰ ਕੇ ਤੇ ਸੀਸ ਨੂੰ ਉੱਚਾ ਕਰ ਕੇ ਦ੍ਰਿੜ੍ਹਤਾ ਵਿਚ ਟਿਕ ਗਏ।

"ਸੱਯਦ ਜਲਾਲ ਦੇ ਤੇਗ ਚੁੱਕਦਿਆਂ ਹੀ ਹਜ਼ਾਰਾਂ ਦੀ ਭੀੜ ਦੀ ਇਕ ਸਾਂਝੀ ਹੁੰਕਾਰ ਉੱਠੀ, ਜਿਵੇਂ ਧਰਤੀ ਮਾਤਾ ਪਾਪਾਂ ਦੀ ਪੀੜ ਨਾਲ ਹੂੰਗ ਉਠੀ ਹੋਵੇ। ਫੇਰ ਚੁੱਪ ਵਰਤ ਗਈ। ਜੱਲਾਦ ਨੇ ਆਪਣਾ ਸਾਰਾ ਬਲ ਆਪਣੀ ਸੱਜੀ ਬਾਂਹ ਵਿਚ ਕੇਂਦ੍ਰਿਤ ਕੀਤਾ ਅਤੇ ਹੋਰ ਨਿਸਚਿਤ ਹੋਣ ਲਈ ਖੱਬੀ ਬਾਂਹ ਨੂੰ ਖ਼ਮ ਦੇ ਕੇ ਹੱਥ ਦੀ ਮੁੱਠ ਨਪੀੜੀ ।ਕਚੀਚੀ ਵੱਟ ਕੇ ਉਸ ਤੇਗ ਦਾ ਵਾਰ ਕੀਤਾ। ਇਉਂ ਜਾਪਿਆ ਜਿਵੇਂ ਸਤਿਗੁਰੂ ਜੀ ਦਾ ਸੀਸ ਵਾਰ ਦੇ ਗਰਦਨ ਤਕ ਪਹੁੰਚਣ ਤੋਂ ਪਹਿਲੋਂ ਹੀ ਧੜ ਤੋਂ ਅਲੱਗ ਹੋ ਉੱਡਿਆ ਹੋਵੇ। ਟੋਣੇ ਨਾਲ ਉੱਡੇ ਖਿੱਦੋ ਵਾਂਗ ਸੀਸ ਅਦ੍ਰਿਸ਼ਟ ਉਡਾਰੀ ਲਾ ਕੇ ਮੇਰੇ ਖੁਲ੍ਹੇ ਡੁਲ੍ਹੇ ਚਾਦਰੇ ਵਿਚ ਉਲਝਦਾ ਢੱਕਿਆ ਗਿਆ। ਚਾਰੋਂ ਪਾਸਿਓਂ ਹਾਹਾਕਾਰ ਉੱਠੀ ਅਤੇ ਅੰਬਰ ਵਿਚ ਜਾ ਗੂੰਜੀ। ਪਹਿਲੀ ਕਤਾਰ ਵਿਚ ਇਕ ਵਿਅਕਤੀ ਇਸ ਦ੍ਰਿਸ਼ ਨੂੰ ਨਾ ਸਹਾਰ ਸਕਿਆ ਅਤੇ ਬੇਹੋਸ਼ ਹੋ ਕੇ ਰਿੜ੍ਹ ਪਿਆ। ਛੇਤੀ ਹੀ ਚੀਕਾਂ ਵੱਜਣ ਲੱਗ ਪਈਆਂ। ਮੈਂ ਵੀ ਗੋਡਿਆਂ ਭਾਰ ਹੋ ਕੇ ਸਿਰ ਪਰਨੇ ਡਿਗ ਪਿਆ ਅਤੇ ਇਸ ਗੜਬੜ ਵਿਚ ਸੀਸ ਨੂੰ ਸੰਭਾਲ ਕੇ ਰਿੜ੍ਹਦਾ ਰਿੜ੍ਹਾਂਦਾ ਮੈਂ ਪਿਛਲੀ ਕਤਾਰ ਦੇ ਪੈਰਾਂ ਵਿਚ ਪਹੁੰਚ ਗਿਆ। ਕਈ ਲੋਕ ਬੇਹੋਸ਼ ਹੋਣ ਵਾਲਿਆਂ ਨੂੰ ਸੰਭਾਲਣ ਲਈ ਦੌੜੇ। ਮੈਂ ਬੇਹੋਸ਼ੀ ਵਿਚੋਂ ਜਾਗਣ ਦਾ ਨਾਟ ਕਰ ਕੇ ਪਿਛੇ ਹਟਦਾ ਗਿਆ। ਲਾਲ ਕੱਪੜਾ ਮੈਂ ਚਾਦਰ-ਦੁਆਲੇ ਜਿਵੇਂ ਕਿਵੇਂ ਵਲ੍ਹੇਟ ਲਿਆ ਸੀ। ਪਹਿਲੋਂ ਮੁਸਲਮਾਨਾਂ ਦੇ ਟੋਲੇ ਵਿਚ ਰਲ ਕੇ ਨਿਕਲਿਆ ਤੇ ਫੇਰ ਹਿੰਦੂਆਂ ਦੀ ਭੀੜ ਵਿਚ ਜਾ ਰਲਿਆ। ਇਕ ਮੁਸਲਮਾਨ ਕਹਿ ਰਿਹਾ ਸੀ, 'ਹਿੰਦੂਆਂ ਦੇ ਪੀਰ ਨੇ ਅਜ਼ਮਤ ਦਿਖਾਈ ਹੈ। ਮੈਂ ਉਸ ਦਾ ਸਿਰ ਅਸਮਾਨ ਵੱਲ ਉਡਦਾ ਦੇਖਿਆ ਹੈ।' ਕੋਈ ਕਹਿੰਦਾ ਸੀ, 'ਗੁਰੂ ਦੇ ਗਲੇ ਵਿਚੋਂ ਖ਼ੂਨ ਦੀ ਥਾਂ ਅੱਗ ਦਾ ਭਾਂਬੜ ਨਿਕਲਦਾ ਮੈਂ ਅਖੀਂ ਦੇਖਿਆ ਹੈ।' ਇਕ ਫ਼ਕੀਰ ਸੂਫ਼ੀ-ਲਿਬਾਸ ਵਿਚ ਕਹਿ ਰਿਹਾ ਸੀ, 'ਸਿਰ ਸਤਵੇਂ ਤਬਕ ਚੜ੍ਹ ਗਿਆ ਹੈ ਤੇ ਧੜ ਸਿੱਧਾ ਖ਼ੁਦਾ ਦੇ ਸਜਦੇ ਵਿਚ ਗਿਆ ਹੈ।' ਇਹ ਗੱਲਾਂ ਕਰਾਮਾਤਾਂ ਨੂੰ ਮੰਨਣ ਵਾਲਿਆਂ ਮੁਸਲਮਾਨਾਂ ਦੇ ਮੂੰਹੋਂ ਹਿੰਦੂਆਂ ਵਿਚ ਵੀ ਪਹੁੰਚ ਰਹੀਆਂ ਸਨ। ਮੈਨੂੰ ਇਨ੍ਹਾਂ ਗੱਲਾਂ ਦਾ ਲਾਭ ਸੀ। ਸੋ ਮੈਂ ਗੱਲਾਂ ਸੁਣਦਾ-ਸੁਣਾਉਂਦਾ ਤੇ ਟੋਲਿਆਂ ਵਿਚ ਰਲਦਾ ਰਲਾਉਂਦਾ ਸ਼ਹਿਰ ਤੋਂ ਬਾਹਰ ਨਿਕਲ ਆਇਆ ਅਤੇ ਸਿੱਧਾ ਰਾਹ ਫੜਨ ਦੀ ਥਾਂ ਅਣਗੌਲੇ ਪਿੰਡ ਵੱਲ ਜਾਂਦੀ ਇਕ ਨਿਵੇਕਲੀ ਡੰਡੀ ਫੜ ਲਈ। ਮੁਸਲਮਾਨੀ ਲਿਬਾਸ ਵਿਚ ਹੋਣ ਕਰਕੇ ਕੋਈ ਕੋਈ ਆਉਂਦਾ ਜਾਂਦਾ ਰਾਹੀ ਮੇਰੇ ਤੇ ਕੋਈ ਸ਼ੱਕ ਨਹੀਂ ਸੀ ਕਰਦਾ। ਵਿੰਗ ਵਲ ਪਾ ਕੇ ਵੀ ਸ਼ਾਹੀ ਸੜਕ ਤੋਂ ਹਟਵਾਂ ਪਰ ਨਾਲ ਨਾਲ ਰਹਿਣ ਦਾ ਜਤਨ ਕਰਦਿਆਂ ਹੋਇਆਂ ਮੈਂ ਰਾਤ ਪੈਣ ਤਕ ਕਦੇ ਨੱਸਦਿਆਂ ਕਦੇ ਤੁਰਦਿਆਂ ਦਸ ਕੋਹ ਪੈਂਡਾ ਮਾਰ ਹੀ ਲਿਆ। ਅੰਤ



www.AKJ.Org

ਸੇਧ ਰੱਖ ਕੇ ਮੈਂ ਸੜਕ ਵੱਲ ਰੁਖ਼ ਕੀਤਾ ।

"ਜਦੋਂ ਪੰਚਮੀ ਦਾ ਚੰਦਰਮਾ ਡੁੱਬ ਗਿਆ ਅਤੇ ਚਾਰੋਂ ਪਾਸੇ ਪੂਰਨ ਅੰਧਕਾਰ ਛਾ ਗਿਆ ਤਾਂ ਮੈਂ ਸੜਕ ਉਤੇ ਜਾ ਚੜ੍ਹਿਆ । ਉੱਤਰ ਪੱਛਮ ਤੋਂ ਸਿਆਲੀ ਹਵਾ ਵਗ ਰਹੀ ਸੀ । ਮੈਂ ਭਲੀ ਭਾਂਤ ਵਲ੍ਹੇਟੇ ਸਤਿ-ਗੁਰਾਂ ਦੇ ਸੀਸ ਨੂੰ ਬੁਕਲ ਵਿਚੋਂ ਕਢਿਆ ਅਤੇ ਚਿੱਟੀ ਚਾਦਰ ਦਵਾਲੇ ਵਲ੍ਹੇਟੀ ਲਾਲ ਚਾਦਰ ਨੂੰ ਠੀਕ ਕਰ ਕੇ ਤੇ ਗੰਢ ਵਿਰ ਬਨ੍ਹ ਕੇ ਸਿਰ ਤੇ ਰੱਖ ਲਿਆ । ਕਾਲੇ ਚਾਦਰੇ ਹੇਠ ਲੋਈ ਜੋੜ ਕੇ ਮੈਂ ਕੱਸ ਕੇ ਸਰੀਰ ਤੇ ਬੰਨ੍ਹ ਲਈ ਸੀ । ਠੰਡੀ ਹਵਾ ਹੁਣ ਠੱਕੇ ਵਿਚ ਬਦਲ ਰਹੀ ਸੀ । ਦਰੱਖ਼ਤਾ ਦੀਆਂ ਕਤਾਰਾਂ ਵਿਚ ਮੈਂ ਵਾਹੋ ਦਾਹੀ ਭੁੱਖਾ ਭਾਣਾ ਤੁਰਦਾ ਰਿਹਾ । ਮੇਰਾ ਖ਼ਿਆਲ ਭਾਵੇਂ ਅੱਗੇ ਵੱਲ ਹੁੰਦਾ ਸੀ, ਪਰ ਕੁਝ ਕੁਝ ਦੂਰ ਜਾ ਕੇ ਮੈਂ ਪਰਤ ਕੇ ਪਿੱਛੇ ਵੀ ਦੇਖ ਲੈਂਦਾ ਸਾਂ ।

"ਮਸਾਂ ਪੰਜ ਸੱਤ ਕੋਹ ਪੈਂਡਾ ਹੋਰ ਕੀਤਾ ਹੋਵੇਗਾ ਜਦੋਂ ਮੈਂ ਇਕ ਵਾਰ ਪਿਛਾਂਹ ਮੁੜ ਕੇ ਦੇਖਿਆ । ਇਕ ਮਧਮ ਜਹੀ ਲੋਅ ਸੜਕ ਦੇ ਵਿਚਕਾਰ ਦਿੱਸੀ । ਕੁਝ ਚਿਰ ਖੜੋ ਕੇ ਦੇਖਿਆ । ਰੋਸ਼ਨੀ ਵੱਡੀ ਹੁੰਦੀ ਜਾ ਰਹੀ ਸੀ । ਧਿਆਨ ਲਾ ਕੇ ਸੁਣਨ ਨਾਲ ਮੱਧਮ ਜਹੀ ਖਟਖਟ ਦੀ ਅਵਾਜ਼ ਵੀ ਸੁਣਾਈ ਦਿੱਤੀ । ਨੀਝ ਲਾ ਕੇ ਦੇਖਿਆ ਲੋਅ ਵਿਚ ਵਖੋ ਵਖਰੀਆਂ ਲਾਟਾਂ ਜਾਪੀਆਂ । ਮੈਂ ਸੜਕ ਤੋਂ ਉਤਰ ਕੇ ਚੋਖੀ ਦੂਰ ਇਕ ਝਾੜ ਦੇ ਉਹਲੇ ਜਾ ਬੈਠਾ ਅਤੇ ਬੁਕਲ ਵਿਚਲੀ ਸ੍ਰੀ ਸਾਹਿਬ ਦੇ ਕਬਜ਼ੇ ਤੇ ਹੱਥ ਰੱਖ ਕੇ ਸਾਵਧਾਨ ਰਿਹਾ । ਕੁਝ ਚਿਰ ਮਗਰੋਂ ਘੋੜਿਆਂ ਦੀਆਂ ਟਾਪਾਂ ਸਾਫ਼ ਸੁਣਾਈ ਦੇਣ ਲਗੀਆਂ । ਚਾਨਣ ਵਧ ਗਿਆ ਤੇ ਟਾਪਾਂ ਮੇਰੇ ਬਰਾਬਰ ਆ ਗਈਆਂ । ਵੀਹ ਕੁ ਸਵਾਰ ਸਨ ਜਿਨ੍ਹਾਂ ਵਿਚੋਂ ਪੰਜਾਂ ਸੱਤਾਂ ਕੋਲ ਮਸਾਲਾਂ ਸਨ । ਇਹ ਇਧਰ ਉਧਰ ਭਾਲਣ ਦਾ ਜਤਨ ਨਹੀਂ ਕਰਦੇ ਜਾਪਦੇ ਸਨ । ਸੜਕ ਤੇ ਸਿੱਧੇ ਸਰਸਰੀ ਜਹੀ ਚਾਲ ਵਿਚ ਘੋੜੇ ਦੁੜਾਈ ਜਾ ਰਹੇ ਸਨ, ਪਰ ਫਿਰ ਵੀ ਉਹ ਕਿਸੇ ਦੀ ਭਾਲ ਵਿਚ ਜਾਪਦੇ ਸਨ । ਮੈਂ ਉੱਥੇ ਹੀ ਲੁਕ ਕੇ ਬੈਠਾ ਰਿਹਾ । ਉਹ ਆਪਣੀ ਚਾਲੇ ਅੱਗੇ ਨਿਕਲ ਗਏ । ਜਦ ਟਾਪਾਂ ਦੀ ਅਵਾਜ਼ ਆਉਣੀ ਬੰਦ ਹੋ ਗਈ ਤਾਂ ਦਾਸ ਫੇਰ ਸੜਕ ਤੇ ਚੜ੍ਹ ਕੇ ਤੁਰਨ ਲੱਗ ਪਿਆ । ਨਜ਼ਰ ਚੁੱਕ ਕੇ ਦੇਖਿਆ, ਮਧਮ ਜਿਹਾ ਚਾਨਣ ਸਾਹਮਣੇ ਦਿਸ ਰਿਹਾ ਸੀ । ਮੈਂ ਦੋ ਕੁ ਕੋਹ ਹੋਰ ਤੁਰ ਲਿਆ ਸੀ, ਪਰ ਚਾਨਣ ਉਸੇ ਤਰ੍ਹਾਂ ਦਿਸ ਰਿਹਾ ਸੀ । ਨੀਝ ਲਾ ਕੇ ਦੇਖਣ ਤੇ ਪਤਾ ਲਗਾ ਕਿ ਚਾਨਣ ਹੋਲੀ ਹੋਲੀ ਵਧ ਰਿਹਾ ਹੈ । ਮੈਂ ਅੰਦਾਜ਼ਾ ਕੀਤਾ ਕਿ ਸਵਾਰ ਮੁੜ ਰਹੇ ਹਨ । ਐਤਕੀਂ ਮੈਂ ਸੜਕ ਦੇ ਦੂਜੇ ਬੰਨੇ ਉਤਰ ਗਿਆ ਅਤੇ ਕੁਝ ਦੂਰ ਜਾ ਕੇ ਇਕ ਝਾੜ ਉਹਲੇ ਇਕ ਟੋਆ ਟੋਹ ਕੇ ਤਿਆਰ ਬਰ ਤਿਆਰ ਜਾ ਬੈਠਾ । ਘੋੜਿਆਂ ਦੀ ਟਾਪ ਸੁਣਾਈ ਦੇਣ ਲੱਗੀ । ਮੇਰੇ ਬਰਾਬਰ ਤੋਂ ਕੁਝ ਪਿਛੇ ਸਵਾਰ ਖੜੋ ਗਏ ਅਤੇ ਪਿਛੇ ਰਹਿ ਗਿਆਂ ਨੂੰ ਮਿਲਣ ਲਈ ਅਵਾਜ਼ ਦਿੱਤੀ । ਫੇਰ ਘੋੜੇ ਹੋਲੀ ਹੋਲੀ ਅੱਗੇ ਤੁਰਨ ਲੱਗੇ । ਪਿਛਲੇ ਸਵਾਰ ਵੀ ਘੋੜੇ ਦੁੜਾਉਂਦੇ ਮੇਰੇ ਬਰਾਬਰ ਤੇ ਉਨ੍ਹਾਂ ਨੂੰ ਆਣ ਮਿਲੇ ਤੇ ਲਗਾਮ ਕੱਸ ਕੇ ਹੋਲੀ ਹੋ ਗਏ । ਪਹਿਲਿਆਂ ਵਿਚੋਂ ਇਕ ਨੇ ਕਿਹਾ, 'ਕਿਉਂ, ਬਈ ਅਟਕ ਕਿਉਂ ਗਏ ਸਾਓ ?' ਪਿਛਲਿਆਂ ਵਿਚੋਂ ਕਿਸੇ ਨੇ ਕਿਹਾ, 'ਇੱਕ ਝਾੜ ਜਿਹਾ ਬੰਦੇ ਵਾਂਗ ਜਾਪਦਾ ਸੀ । ਮਸਾਲਾਂ ਦੀ ਤੁਰਦੀ ਰੋਸ਼ਨੀ ਵਿਚ ਉਹ ਸਾਨੂੰ ਤੁਰਦਾ ਜਾਪਿਆ । ਸੜਕ ਤੋਂ ਉਤਰ ਕੇ ਹੁਸ਼ਿਆਰੀ ਨਾਲ ਅਸੀਂ ਕੋਲ ਪਹੁੰਚੇ ਤਾਂ ਉਹ ਝਾੜ ਸੀ, ਝਾੜ ਹੀ ਨਿਕਲਿਆ ।' ਪਹਿਲਿਆਂ ਵਿਚੋਂ ਕਿਸੇ ਕਿਹਾ, 'ਸਰਦਾਰ, ਸਾਨੂੰ ਐਵੇਂ ਹੀ ਭਜਾਇਆ ਹੈ । ਇਕ ਫ਼ਕੀਰ ਕਹਿ ਰਿਹਾ ਸੀ ਕਿ ਉਸ ਨੇ ਹਿੰਦੂਆਂ ਦੇ ਪੀਰ ਦਾ ਸਿਰ ਅਸਮਾਨ ਵੱਲ ਉਡਦਾ ਦੇਖਿਆ ਹੈ । ਅਜ਼ਮਤ ਨਾਲ ਉਡਿਆ ਸਿਰ ਕਿਵੇਂ ਲਭਿਆਂ ਲਭ ਸਕਦਾ ਹੈ ?'

" 'ਸਾਥੀਓ, ਅਸੀਂ ਉਪਰਲਿਆਂ ਦਾ ਹੁਕਮ ਮੰਨਣਾ ਹੈ । ਅਸੀਂ ਹੁਕਮ ਵਜਾ ਲਿਆਂਦਾ ਹੈ । ਸ਼ਹਿਨਸ਼ਾਹ ਆਲਮਗੀਰ ਦੇ ਰਾਜ ਵਿਚ ਭਲਾ ਕੋਈ ਹਿੰਦੂਆਂ ਦੇ ਗੁਰੂ ਦਾ ਸਿਰ ਚੁੱਕ ਕੇ ਲਿਜਾਣ ਦਾ ਹੌਸਲਾ ਕਰ ਸਕਦਾ ਹੈ ? ਹਿੰਦੂਆਂ ਦੇ ਪੀਰ ਦਾ ਸਿਰ ਤਾਂ ਕੋਈ ਫ਼ਰਿਸ਼ਤਾ ਹੀ ਉਡਾ ਕੇ ਲੈ ਜਾ ਸਕਦਾ ਸੀ । ਤੇ ਸਾਡੇ ਕਈ ਮੁਸਲਮ ਭਾਈ ਵੀ ਕਹਿੰਦੇ ਸਨ ਕਿ



www.AKJ.Org

ਸਿਰ ਅਸਮਾਨਾਂ ਨੂੰ ਉਡ ਗਿਆ ਤੇ ਲਹੂ ਦੀ ਥਾਂ ਕੱਟੇ ਗਲੇ ਵਿਚੋਂ ਅੱਗ ਦਾ ਭਾਂਬੜ ਉਠਿਆ।'

" 'ਸਰਦਾਰ, ਅਸੀਂ ਲਗ ਪਗ ਵੀਹ ਕੋਹ ਪੈਂਡਾ ਕਰ ਲਿਆ ਹੈ। ਅਸਾਂ ਤਫਤੀਸ਼ ਕਰ ਹੀ ਲਈ ਹੈ ਕਿ ਸਵਾਰ ਇਸ ਸੜਕ ਤੋਂ ਅੱਜ ਕੋਈ ਲੰਘਿਆ ਹੀ ਨਹੀਂ। ਤੇ ਪੈਦਲ ਕੋਈ ਇਸ ਵੇਲੇ ਤਕ ਦਸ-ਬਾਰ੍ਹਾਂ ਕੋਹਾਂ ਤੋਂ ਵਧ ਕਰ ਹੀ ਨਹੀਂ ਸਕਦਾ। ਨਾਲੇ ਧੜ ਤਾਂ ਉੱਥੇ ਹੀ ਪਿਆ ਹੈ ਤਾਂ ਸਿਰ ਨੂੰ ਕਿਸੇ ਕਰਨਾ ਵੀ ਕੀ ਸੀ ?'

"ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਉਹ ਸਵਾਰ ਘੋੜਿਆਂ ਨੂੰ ਤੇਜ਼ ਕਰ ਕੇ ਦਿੱਲੀ ਵੱਲ ਮੁੜ ਗਏ।

"ਮੈਂ ਫੇਰ ਸੜਕੇ ਪੈ ਗਿਆ। ਰਾਤੋ ਰਾਤ ਮੈਂ ਚੰਗਾ ਪੈਂਡਾ ਵੱਢਿਆ। ਕਦੀ ਮੈਂ ਦੋੜ ਪੈਂਦਾ ਸਾਂ, ਕਦੀ ਤੇਜ਼ ਤੁਰਦਾ ਸਾਂ ਅਤੇ ਕਦੇਕੁਝ ਚਿਰ ਲਈ ਹੌਲੀ ਤੁਰਨ ਲਗ ਪੈਂਦਾ ਸਾਂ। ਹੁਣ ਮੈਨੂੰ ਐਉਂ ਜਾਪਦਾ ਸੀ ਜਿਵੇਂ ਸੜਕ ਉੱਤੇ ਰਾਤੀਂ ਹੋਰ ਕੋਈ ਖ਼ਤਰਾ ਨਹੀਂ। ਪਰ ਫੇਰ ਵੀ ਹਨੇਰੇ ਵਿਚ ਟੋਏ-ਟਿੱਬੇ ਤੰਗ ਕਰਦੇ ਸਨ। ਠੋਕਰਾਂ ਲਗਦੀਆਂ ਸਨ ਅਤੇ ਕਿਸੇ ਟੋਏ ਵਿਚ ਅਚਾਨਕ ਪੈਰ ਪੈ ਕੇ ਮੁਚ ਜਾਣ ਦਾ ਡਰ ਬਣਿਆ ਰਹਿੰਦਾ ਸੀ। ਪਰ ਵਾਹਿਗੁਰੂ ਨੇ ਸਭ ਪ੍ਰਕਾਰ ਰੱਖਿਆ ਹੀ ਕੀਤੀ।

ਅੰਮ੍ਰਿਤ ਵੇਲੇ ਮੈਂ ਕੁਕੜਾਂ ਦੀਆਂ ਬਾਂਗਾਂ ਤੋਂ ਸੜਕ ਦੇ ਸੱਜੇ ਬੰਨੇ ਅੱਧ ਕੁ ਕੋਹ ਦੀ ਵਾਟ ਤੇ ਇੱਕ ਪਿੰਡ ਦਾ ਅੰਦਾਜ਼ਾ ਕੀਤਾ ਅਤੇ ਉਸ ਪਾਸੇ ਹੋ ਤੁਰਿਆ। ਰਾਹ ਵਿੱਚ ਇਕ ਝਿੜੀ ਜਹੀ ਵਿੱਚ ਕੁਝ ਉੱਚੇ ਦਰੱਖ਼ਤ ਦੇਖ ਕੇ ਉਸ ਵਿਚੋਂ ਇਕ ਸੰਘਣੇ ਰੁੱਖ ਉਤੇ ਚੜ੍ਹ ਕੇ ਭਲੀ ਪ੍ਰਕਾਰ ਬਸਤਰਾਂ ਵਿੱਚ ਸੰਭਾਲੇ ਸੀਸ ਨੂੰ ਸੰਘਣੀਆਂ ਟਹਿਣੀਆਂ ਤੇ ਪੱਤਿਆਂ ਵਾਲੇ ਟਾਹਣ ਨਾਲ ਕੱਸ ਕੇ ਬੰਨ੍ਹ ਦਿੱਤਾ ਅਤੇ ਵਾਹਿਗੁਰੂ ਅੱਗੇ ਰੱਖਿਆ ਤੇ ਸੰਭਾਲ ਦੀ ਅਰਦਾਸ ਕਰ ਕੇ ਮੁੜ ਪਿੰਡ ਵਲ ਰੁਖ਼ ਕੀਤਾ। ਇਕ ਘਰ ਅੰਦਰੋਂ ਮਧਾਣੀ ਚੱਲਣ ਦੀ ਘੁੰਮਕਾਰ ਉਠ ਰਹੀ ਸੀ, ਜੋ ਅਚਾਨਕ ਬੰਦ ਹੋ ਗਈ ਤੇ ਪਾਠ ਦੀ ਅਵਾਜ਼ ਸੁਣਾਈ ਦਿੱਤੀ। ਹਿੰਦੂ ਘਰ ਸੀ। ਓਪਰੇ ਆਦਮੀ ਨੂੰ ਦੇਖ ਕੇ ਕੁੱਤੇ ਭੌਂਕ ਰਹੇ ਸਨ। ਫੇਰ ਵੀ ਮੈਂ ਬੂਹਾ ਠਕੋਰਿਆ। ਅੰਦਰੋਂ ਬੀਬੀ ਨੇ ਪੁੱਛਿਆ, 'ਕੌਣ ਐਂ ?' ਮੈਂ ਉੱਤਰ ਦਿਤਾ, 'ਗੁਰੂ ਦਾ ਸਿੱਖ।' ਚਾਟੀ ਵਿਚ ਚਲਦਾ ਹੱਥ ਖਲੋ ਗਿਆ ਤੇ ਥੋੜੇ ਚਿਰ ਮਗਰੋਂ ਬੀਬੀ ਨੇ ਬੂਹਾ ਖੋਲ੍ਹਿਆ ਅਤੇ ਅੰਦਰ ਆ ਜਾਣ ਲਈ ਕਿਹਾ। ਸਿਆਲੀ ਰਾਤ ਵਿਚ ਟੁਰਨ ਨਾਲ ਹੱਥ-ਪੈਰ ਠਰ ਗਏ ਸਨ, ਪਰ ਤੁਰਦੇ ਰਹਿਣ ਕਰਕੇ ਸੁੰਨ ਹੋਣੋਂ ਬਚ ਗਏ ਸਨ। ਬੀਬੀ ਨੇ ਆਪਣੀ ਧੀ ਨੂੰ ਅੱਗ ਬਾਲਣ ਲਈ ਕਿਹਾ। ਦੱਬੀ ਹੋਈ ਪਾਥੀ ਵਿਚੋਂ ਅੱਗ ਕਢ ਕੇ ਚੁਲ੍ਹਾ ਬਾਲ ਦਿੱਤਾ ਗਿਆ ਅਤੇ ਅੱਗ ਸੇਕਣ ਲਈ ਮੈਨੂੰ ਲਾਗੇ ਮੂੜ੍ਹਾ ਡਾਹ ਦਿੱਤਾ ਗਿਆ। ਛੇਤੀ ਜਾਣ ਬਾਰੇ ਦੱਸ ਕੇ, ਮੈਂ ਬੀਬੀ ਨੂੰ ਕੁਝ ਆਹਾਰ ਦੇਣ ਲਈ ਕਿਹਾ। ਬੀਬੀ ਨੇ ਆਪਣੀ ਪੁੱਤਰੀ ਨੂੰ ਗਊ ਚੋਣ ਲਈ ਕਿਹਾ। ਚੋ ਕੇ ਦੁੱਧ ਗਰਮ ਕੀਤਾ ਗਿਆ ਤੇ ਸ਼ਕਰ ਪਾ ਕੇ ਚੋਖਾ ਸਾਰਾ ਮੈਨੂੰ ਪੀਣ ਲਈ ਦਿੱਤਾ ਗਿਆ। ਮੈਂ ਗੁਰੂ ਦੀਆਂ ਖ਼ੁਸ਼ੀਆਂ ਕਹਿ ਕੇ ਜਦ ਜਾਣ ਲਈ ਉਠਿਆ ਤਾਂ ਬੀਬੀ ਨੇ ਦੋ ਰਾਤ ਦੇ ਪਰਸ਼ਾਦੇ, ਅਚਾਰ, ਰੁਪਾ ਤੇ ਗਾੜ੍ਹੇ ਮੱਖਣ ਦਾ ਪੇੜਾ ਰੱਖ ਕੇ ਇੱਕ ਪੋਣੇ ਵਿੱਚ ਬੰਨ੍ਹ ਦਿੱਤਾ ਤੇ ਬੇਨਤੀ ਕੀਤੀ ਕਿ ਮੈਂ ਇਸ ਘਰ ਦੀ ਸ਼ਰਧਾ ਗੁਰੂ ਦਰਬਾਰ ਵਿੱਚ ਪਹੁੰਚਾ ਦੇਵਾਂ।"

ਸਾਹਿਬਜ਼ਾਦਾ ਗੋਬਿੰਦ ਰਾਇ ਜੀ ਨੇ ਇਸ ਵੇਲੇ ਆਪਣਾ ਸੱਜਾ ਹੱਥ ਚੁੱਕ ਕੇ ਜਿਵੇਂ ਉਹ ਸ਼ਰਧਾ ਸਵੀਕਾਰ ਕਰ ਕੇ ਗੁਰੂ ਘਰ ਦੀਆਂ ਖ਼ੁਸ਼ੀਆਂ ਉਸ ਪਰਵਾਰ ਨੂੰ ਪ੍ਰਦਾਨ ਕੀਤੀਆਂ।

ਭਾਈ ਜੈਤਾ ਜੀ ਨੇ ਮੁੜ ਕਹਿਣਾ ਸ਼ੁਰੂ ਕੀਤਾ, "ਮੈਂ ਸੂਰਜ ਚੜ੍ਹਨ ਤੋਂ ਪਹਿਲਾ ਝਿੜੀ ਵਿਚੋਂ ਸਤਗੁਰਾਂ ਦੇ ਸੀਸ ਨੂੰ ਸੰਭਾਲ ਕੇ ਸੜਕੇ ਪੈ ਗਿਆ। ਮੂਨ੍ਹੇਰੇ ਹੀ ਮੈਨੂੰ ਟਾਂਡਿਆਂ ਤੇ ਗੂਣਾਂ ਲੱਦ ਕੇ ਲਿਜਾ ਰਹੇ ਵਣਜਾਰਿਆਂ ਤੋਂ ਪਤਾ ਲਗਾ ਕਿ ਪਾਨੀਪਤ ਲਾਗੇ ਹੀ ਹੈ। ਮੈਂ ਫੇਰ ਡਾਂਡੇ-ਮੀਂਡੇ ਹੋ ਕੇ ਦਿਨ ਚੜ੍ਹਨ ਤੋਂ ਪਹਿਲਾਂ ਪਾਨੀਪਤ ਨੂੰ ਇੱਕ ਪਾਸੇ ਛੱਡਦਾ ਅੱਗੇ ਲੰਘ ਆਇਆ। ਇੱਕ ਪਹਿਰ ਤੁਰਨ ਮਗਰੋਂ ਇਕ ਖੂਹ ਉੱਤੇ ਤੂਤ ਉਤੇ ਸੀਸ ਵਾਲੀ ਗੱਦੜੀ ਆਦਰ



www.AKJ.Org

ਸਹਿਤ ਰੱਖ ਕੇ ਅਤੇ ਇਸ਼ਨਾਨ ਦੀ ਛੋਟ ਵਾਹਿਗੁਰੂ ਤੋਂ ਬਖਸ਼ਾ ਕੇ, ਤੇ ਪੰਜ-ਇਸ਼ਨਾਨਾ ਕਰ ਕੇ ਮੈਂ ਬੀਬੀ ਦਾ ਦਿੱਤਾ ਪਰਸ਼ਾਦਾ ਛਕਿਆ। ਅਰਾਮ ਕਰਨ ਦੀ ਵਿਹਲ ਕਿੱਥੇ ਸੀ ? ਮੈਂ ਫਿਰ ਸੀਸ ਨੂੰ ਸਿਰ ਤੇ ਚੁੱਕ ਕੇ ਸੜਕੇ ਪੈ ਗਿਆ। ਅਜੇ ਥੋੜਾ ਹੀ ਤੁਰਿਆ ਸਾਂ ਕਿ ਮਗਰੋਂ ਘੋੜੇ ਦੇ ਸਰਪਟ ਦੌੜਨ ਦੀਆਂ ਟਾਪਾਂ ਸੁਣਾਈ ਦਿੱਤੀਆਂ। ਮੈਂ ਲਾਂਭੇ ਹੀ ਹੋਇਆ ਸਾਂ ਕਿ ਸਵਾਰ ਤੀਰ ਵਾਂਗ ਮੇਰੇ ਲਾਗੋਂ ਲੰਘ ਗਿਆ। ਇਹ ਡਾਕ-ਸਵਾਰ ਸੀ। ਫੇਰ ਵੀ ਸੋਘੇ ਹੋਣ ਲਈ ਸੜਕ ਤੋਂ ਉੱਤਰ ਕੇ ਮੈਂ ਡਾਂਡੇ-ਮੀਂਡੇ ਤੁਰਨ ਲੱਗਾ। ਕੁਝ ਕੋਹ ਤੁਰ ਕੇ ਜਦ ਸੜਕ ਤੇ ਕੋਈ ਖ਼ਤਰਾ ਨਾ ਜਾਪਿਆ ਤਾਂ ਮੈਂ ਫੇਰ ਸੜਕ ਤੇ ਚੜ੍ਹ ਆਇਆ ਅਤੇ ਕਰਨਾਲ ਵੱਲ ਵਧਣਾ ਸ਼ੁਰੂ ਕੀਤਾ। ਦੁਪਹਿਰਾਂ ਹੋਣ ਵਾਲੀਆਂ ਸਨ। ਥਕਾਵਟ ਕਾਰਨ ਨੀਂਦਰ ਵੀ ਜ਼ੋਰ ਪਾ ਰਹੀ ਸੀ। ਸੜਕ ਕੰਢੇ ਦਰੱਖਤਾਂ ਹੇਠ ਲੇਟਣਾ ਖ਼ਤਰੇ ਤੋਂ ਖ਼ਾਲੀ ਨਹੀਂ ਸੀ, ਸੋ ਤੁਰਦਿਆਂ ਤੁਰਦਿਆਂ ਮੈਂ ਸੜਕ ਦੀ ਦੋਹੀਂ ਪਾਸੀਂ ਦੂਰ ਦੂਰ ਨਜ਼ਰ ਦੁੜਾਉਣੀ ਸ਼ੁਰੂ ਕੀਤੀ। ਕੋਹ ਕੁ ਪੈਂਡਾ ਤੁਰ ਕੇ ਮੈਨੂੰ ਸੜਕ ਤੋਂ ਦੂਰ ਇਕ ਝਿੜੀ ਜਹੀ ਵਿਚ ਇਕ ਖੰਡਰ ਕੋਠਾ ਜਿਹਾ ਦਿੱਸਿਆ। ਮੈਂ ਉਸ ਪਾਸੇ ਤੁਰ ਪਿਆ। ਚੰਗੇ ਭਾਗਾਂ ਨੂੰ ਲਾਗੇ-ਸ਼ਾਗੇ ਵਗਦੀ ਜ਼ਮੀਨ ਕੋਈ ਨਹੀਂ ਸੀ। ਜਾ ਕੇ ਦੇਖਿਆ ਕਿ ਉਸ ਖੰਡਰ ਵਿਚ ਇਕ ਖੰਡ ਬਚਿਆ ਹੋਇਆ ਹੈ। ਅੰਦਰ ਚੰਗੀ ਤਰ੍ਹਾਂ ਦੇਖ ਕੇ ਮੈਂ ਆਪਣਾ ਚਾਦਰਾ ਵਿਛਾਇਆ ਤੇ ਸਤਿਗੁਰਾਂ ਦੇ ਸੀਸ ਦੀ ਗੰਢ ਨੂੰ ਆਪਣੀ ਛਾਤੀ ਤੇ ਰੱਖ ਕੇ ਲੇਟ ਗਿਆ। ਪੈਂਦਿਆਂ ਹੀ ਨੀਂਦ ਆ ਗਈ। ਕੁਝ ਚਿਰ ਮਗਰੋਂ ਮੈਨੂੰ ਇਉਂ ਜਾਪਿਆ ਜਿਵੇਂ ਕਿਸੇ ਨੇ ਮੈਨੂੰ ਝੂਣ ਜਗਾਇਆ ਹੈ। ਮੈਂ ਉੱਠਦਾ ਹੀ ਚਿਤੰਨ ਸਾਂ। ਸਾਰਾ ਥਕੇਵਾਂ ਲੱਥਾ ਹੋਇਆ ਸੀ। ਸਾਹਿਬਾਂ ਦਾ ਸੀਸ ਸੰਭਾਲ ਕੇ ਮੈਂ ਇਧਰ ਉਧਰ ਦੇਖਿਆ। ਆਸੇ ਪਾਸੇ ਕੋਈ ਨਹੀਂ ਸੀ। ਬਾਹਰ ਨਿਕਲਿਆ, ਬਾਹਰ ਵੀ ਕੋਈ ਨਹੀਂ ਸੀ। ਕੁਝ ਦੂਰ ਇਕ ਮੋਰ, ਜਿਸ ਦੀ ਪੂਛ ਦੇ ਖੰਭ ਝੜੇ ਹੋਏ ਸਨ, ਤੇ ਇਕ ਬੋਦਲ ਧਰਤੀ ਤੇ ਚੁੰਝਾਂ ਮਾਰ ਰਹੇ ਸਨ, ਜੋ ਮੈਨੂੰ ਦੇਖ ਕੇ ਦੂਰ ਹਟ ਗਏ। ਸੂਰਜ ਵੱਲ ਦੇਖ ਕੇ ਮੈਂ ਅਨਮਾਨ ਲਾਇਆ ਕਿ ਮੈਂ ਦੋ ਤਿੰਨ ਘੜੀਆਂ ਤੋਂ ਵਧ ਨਹੀਂ ਸੁੱਤਾ ਹੋਵਾਂਗਾ। ਪਰ ਮੇਰਾ ਸਰੀਰ ਹੌਲਾ ਫੁੱਲ ਸੀ ਅਤੇ ਅਨੰਦਪੁਰ ਛੇਤੀ ਪਹੁੰਚਣ ਦੀ ਇੱਛਿਆ ਵਧੇਰੇ ਤੀਬਰ ਸੀ। ਮੈਂ ਛੇਤੀ ਛੇਤੀ ਮੰਜ਼ਲ ਮਾਰਦਾ ਕਰਨਾਲ ਨੂੰ ਲਾਂਭੇ ਛੱਡ ਕੇ ਅਗਾਂਹ ਨਿਕਲ ਆਇਆ।

"ਦਿਨ ਤਿੰਨ ਪਹਿਰ ਬੀਤ ਗਿਆ ਹੋਵੇਗਾ ਜਦ ਮੈਨੂੰ ਅਗੋਂ ਕਪਾਹ ਨਾਲ ਲੱਦੇ ਆਉਂਦੇ ਗੱਡੇ ਦਿੱਸੇ। ਇਹ ਕਰਨਾਲ ਜਾ ਰਹੇ ਜਾਪਦੇ ਸਨ। ਉਨ੍ਹਾਂ ਦੇ ਲਾਗੋਂ ਮੈਂ ਲੰਘਣ ਹੀ ਵਾਲਾ ਸਾਂ, ਜਦੋਂ ਸਾਹਮਣੇ ਰੁਖ਼ੋਂ ਮੈਨੂੰ ਘੱਟਾ ਉੱਡਦਾ ਦਿਸਿਆ। ਮੇਰੀ ਖ਼ਤਰੇ ਦੀ ਸੂਝ ਚਿਤੰਨ ਹੋ ਗਈ। ਕੰਨ ਲਾ ਕੇ ਸੁਣਿਆਂ ਟਾਪਾਂ ਜਹੀਆਂ ਵੀ ਸੁਣਾਈ ਦਿੱਤੀਆਂ। ਪਿਛਲਾ ਗੱਡਾ ਕੁਝ ਉਲਾਰ ਜਾਪਦਾ ਸੀ। ਦੂਜਾ ਬੰਦਾ ਵੀ ਅਗਲੇ ਪਾਸੇ ਚੜ੍ਹਿਆ ਬੈਠਾ ਸੀ। ਸੜਕ ਤੋਂ ਉੱਤਰ ਕੇ ਲਾਂਭੇ ਹੋਣਾ ਹੁਣ ਖ਼ਤਰਨਾਕ ਸੀ। ਦਿਨ ਦਾ ਵੇਲਾ ਸੀ, ਰਾਤ ਤੇ ਨਹੀਂ ਸੀ ਨਾ। ਮੈਂ ਮੁੜ ਕੇ ਗੱਡੇ ਨਾਲ ਰਲ ਕੇ ਵਾਹਿਗੁਰੂ ਅੱਗੇ ਅਰਦਾਸ ਕਰਦਿਆਂ ਸੀਸ ਦੀ ਗੰਢੜੀ ਗੱਡੇ ਤੇ, ਖੇਸ ਦੀ ਬਣੀ ਝੋਲੀ ਵਿਚ, ਇਕ ਪਾਸਿਉਂ ਦੀ ਟਿਕਾ ਦਿੱਤੀ। ਮੇਰੇ ਏਦਾਂ ਕਰਨ ਦੀ ਦੇਰ ਸੀ ਕਿ ਬੋਲਦ ਕਾਹਲੀ ਕਰਨ ਲੱਗ ਪਏ ਤੇ ਤੇਜ਼ ਹੋ ਕੇ ਅੱਗਲੇ ਗੱਡੇ ਦੇ ਬਰਾਬਰ ਦੌੜਨ ਲੱਗੇ। ਜਦ ਤਕ ਗਾਡੀ ਨੇ ਜ਼ੋਰ ਲਾ ਕੇ ਉਨ੍ਹਾਂ ਦੀ ਚਾਲ ਮੱਠੀ ਕੀਤੀ ਉਹ ਦੋ ਗੱਡਿਆਂ ਤੋਂ ਅਗਾਂਹ ਲੰਘ ਗਏ ਸਨ ਅਤੇ ਕਤਾਰ ਵਿਚੋਂ ਚੌਥੇ ਗੱਡੇ ਦੇ ਮਗਰ ਜਾ ਲਗੇ ਸਨ। ਇੰਨੇ ਨੂੰ ਸਵਾਰ ਲਾਗੇ ਪਹੁੰਚ ਗਏ ਤੇ ਉਨ੍ਹਾਂ ਦੇ ਸਰਦਾਰ ਨੇ ਗਡੇ ਰੋਕ ਕੇ ਪੁੱਛ ਗਿਛ ਸ਼ੁਰੂ ਕਰ ਦਿਤੀ। ਵਪਾਰੀ ਸ਼ਾਹ ਅਗਲੇ ਗੱਡੇ ਤੇ ਬੈਠਾ ਸੀ। ਉਸ ਨੇ ਜਿਸ ਜਿਸ ਥਾਂ ਤੋਂ ਮਾਲ ਭਰਿਆ ਸੀ ਉਸ ਉਸ ਥਾਂ ਦੇ ਨਾਂ ਦਸੇ। ਜਾਪਦਾ ਸੀ ਸਵਾਰ ਕਿਸੇ ਖੋਜ-ਭਾਲ ਵਿਚ ਸਨ। ਉਨ੍ਹਾਂ ਪਹਿਲੇ ਗੱਡੇ ਦੀ ਤਲਾਸ਼ੀ ਲਈ, ਦੂਜੇ ਨੂੰ ਸਰਸਰੀ ਦੇਖਿਆ। ਚੌਥੇ ਦੀ ਵੀ ਚੰਗੀ ਤਰ੍ਹਾਂ ਤਲਾਸ਼ੀ



www.AKJ.Org

ਲਈ ਤੇ ਫੇਰ ਅਖ਼ੀਰਲੇ ਗੱਡੇ ਨੂੰ ਜਾ ਘੇਰਿਆ। ਉਸ ਦੀ ਵੀ ਚੰਗੀ ਤਰ੍ਹਾਂ ਤਲਾਸ਼ੀ ਲਈ ਗਈ ਤੇ ਫੇਰ ਤਸੱਲੀ ਹੋ ਜਾਣ ਤੇ ਤੁਰੇ ਜਾਣ ਦਾ ਹੁਕਮ ਕੀਤਾ।

"ਮੈਨੂੰ ਸਰਦਾਰ ਨੇ ਇਕ ਨਜ਼ਰ ਦੇਖਿਆ ਸੀ. ਪਰ ਮੁਸਲਮਾਨ ਜਾਣ ਕੇ ਕੁਝ ਨਹੀਂ ਸੀ ਕਿਹਾ। ਮੈਂ ਵੀ ਮਚਲਾ ਬਣ ਕੇ ਆਪਣੀ ਚਾਲੇ ਉਨ੍ਹਾਂ ਲਾਗੋਂ ਲੰਘ ਗਿਆ ਸਾਂ। ਘੋੜ-ਸਵਾਰ ਘੋੜੇ ਦੁੜਾਉਂਦੇ ਕਰਨਾਲ ਵਲ ਉੱਡ ਗਏ। ਮੈਂ ਮੁੜਿਆ ਤੇ ਚਾਲ ਤੇਜ਼ ਕਰ ਕੇ ਗੱਡਿਆਂ ਨਾਲ ਜਾ ਰਲਿਆ। ਪਿਛਲੇ ਦੋਹਾਂ ਗੱਡਿਆਂ ਵਿਚ ਭਾਰ ਥੋੜਾ ਸੀ। ਇਸੇ ਕਰਕੇ ਸ਼ਾਇਦ ਪਿੱਛੋਂ ਦੂਸਰੇ ਗੱਡੇ ਵਾਲੇ ਨੇ ਸੀਸ ਵਾਲੇ ਗੱਡੇ ਦੇ ਅਗਾਂਹ ਲੰਘ ਜਾਣ ਤੇ ਖੁਣਸ ਖਾਧੀ। ਉਸ ਨੇ ਸੱਜੇ ਬੋਲਦ ਦੀ ਪਿੱਠ ਤੇ ਹੱਥ ਰੱਖ ਕੇ ਧੱਕਿਆ ਤਾਂ ਉਹ ਸੱਜੇ ਬੰਨੇ ਹੋ ਕੇ ਤਿੱਖਾ ਹੋ ਗਿਆ ਤੇ ਨਾਲ ਹੀ ਸਭ ਤੋਂ ਪਿਛਲੇ ਗੱਡੇ ਦੇ ਬਲਦ ਵੀ ਤੇਜ਼ ਹੋ ਗਏ। ਸੀਸ ਵਾਲੇ ਗੱਡੇ ਵਾਲੇ ਨੇ ਸ਼ਾਇਦ ਆਪਣੇ ਉਲਾਰ ਦੇ ਖ਼ਤਰੇ ਨੂੰ ਜਾਣਦਿਆਂ ਬੌਲਦਾਂ ਨੂੰ ਤੇਜ਼ ਨਾ ਕੀਤਾ, ਸਗੋਂ ਨੱਥਾਂ ਨੂੰ ਖਿੱਚੀ ਰੱਖਿਆ ਅਤੇ ਦੋਹਾਂ ਗੱਡਿਆਂ ਨੂੰ ਅਗਾਂਹ ਲੰਘ ਜਾਣ ਦਿੱਤਾ। ਮੇਰਾ ਕੰਮ ਸੌਖਾ ਹੋ ਗਿਆ। ਮੈਂ ਚਾਲ ਹੋਰ ਤੇਜ਼ ਕਰ ਕੇ ਹੁਣ ਸਾਰਿਆਂ ਤੋਂ ਪਿਛਲੇ ਗੱਡੇ ਦੇ ਪਿੱਛੇ ਜਾ ਲੱਗਾ। ਪਿਛਲੇ ਪਾਸਿਓਂ ਕੋਈ ਬੰਦਾ ਆਉਂਦਾ ਨਾ ਦੇਖ ਕੇ ਮੈਂ ਜਤਨ ਨਾਲ ਸੀਸ ਦੀ ਗਠੜੀ ਨੂੰ ਖੇਸ ਹੇਠੋਂ ਕਢ ਕੇ ਆਪਣੇ ਕਾਲੇ ਅੰਗਰਖੇ ਅੰਦਰ ਲੁਕਾ ਲਿਆ। ਝੱਟ ਮੁੜ ਕੇ ਮੈਂ ਚਾਲ ਅੱਗੇ ਕੋਲੋਂ ਵੀ ਤੇਜ਼ ਕਰ ਦਿੱਤੀ। ਠੰਡ, ਜਿਹੜੀ ਤਰਕਾਲਾਂ ਪੈਣ ਨਾਲ ਵਧ ਰਹੀ ਸੀ, ਮੇਰੀ ਚਾਲ ਨੂੰ ਹੋਰ ਹੋਰ ਤੇਜ਼ ਕਰ ਰਹੀ ਸੀ। ਅਤੇ ਜਿਥੇ ਕਿਤੇ ਦੂਰ ਦੂਰ ਤਕ ਬੰਦਾ ਨਾ ਦਿਸਦਾ ਮੈਂ ਲੰਮੀ ਦੌੜ ਵੀ ਲਾ ਲੈਂਦਾ ਸਾਂ।

"ਹੁਣ ਮੈਨੂੰ ਖੁਧਿਆ ਵੀ ਪਰਤੀਤ ਹੋਈ। ਮੇਰਾ ਇਰਾਦਾ ਫੇਰ ਰਾਤ ਭਰ ਤੁਰਦੇ ਰਹਿਣ ਦਾ ਸੀ। ਸੜਕ ਦੇ ਲਾਗੇ ਇਕ ਨਿੱਕੇ ਜਿਹੇ ਪਿੰਡ ਦੀ ਪਕੌੜਿਆਂ-ਪਤਾਸਿਆਂ ਦੀ ਦੁਕਾਨ ਦੇਖ ਕੇ ਮੈਂ ਪਿੰਡ ਤੋਂ ਇਕ ਬੰਨੇ ਦਰੱਖ਼ਤਾਂ ਦੇ ਝੁੰਡਾਂ ਵੱਲ ਨਿਕਲ ਗਿਆ। ਅੱਗੇ ਵਾਂਗ, ਇਕ ਉੱਚੇ ਦਰੱਖ਼ਤ ਤੇ ਅਦਬ ਨਾਲ ਸਾਹਿਬਾਂ ਦਾਂ ਸੀਸ ਸਥਾਪਨ ਕਰ ਕੇ, ਮੈਂ ਇਕ ਚਲਦੇ ਹਰਟ ਤੋਂ ਹਥ ਮੂੰਹ ਧੋ ਕੇ ਮੁੜ ਹੱਟੀ ਕੋਲ ਪਹੁੰਚਾ ਤਾਂ ਹੱਟੀ ਵਾਲਾ 'ਥਿਰੁ ਘਰਿ ਬੈਸਹੁ ਹਰਿਜਨ ਪਿਆਰੇ' ਗੁਣ-ਗੁਣਾ ਰਿਹਾ ਸੀ। ਜਦ ਮੈਂ 'ਸਤਿਗੁਰਿ ਤੁਮਰੇ ਕਾਜ ਸਵਾਰੇ' ਕਹਿ ਕੇ ਉਸ ਦਾ ਸਾਥ ਦਿੱਤਾ ਤਾਂ ਉਸ ਨੇ ਮੇਰੇ ਵੱਲ ਧਿਆਨ ਨਾਲ ਦੇਖਿਆ। ਮੇਰੇ ਬਸਤਰ ਹਾਲੀ ਤੁਰਕਾਣੇ ਹੀ ਸਨ। ਮੈਂ ਕਿਹਾ, 'ਭਾਈ ਸਿੱਖਾ, ਫ਼ਿਕਰ ਨਾ ਕਰ, ਮੈਂ ਸਤਿਗੁਰੂ ਦੇ ਕਾਰਜ ਹੀ ਗਿਆ ਹੋਇਆ ਸਾਂ, ਹੁਣ ਵਾਪਸ ਮੁੜ ਰਿਹਾ ਹਾਂ।' ਮੇਰਾ ਗੁਟਕਾ ਦੇਖ ਕੇ ਉਸ ਨੂੰ ਤਸੱਲੀ ਹੋਈ। ਉਸ ਨੂੰ ਮੈਂ ਆਹਾਰ ਦੀ ਲੋੜ ਜਣਾਈ। ਉਸ ਨੇ ਚੋਖੇ ਪਕੌੜੇ ਤੇ ਇਕ ਪੋਣੇ ਵਿੱਚੋਂ ਸਵੇਰ ਦੀਆਂ ਰੋਟੀਆਂ ਕਢ ਕੇ ਦਿੱਤੀਆਂ। ਫੇਰ ਚੁਲ੍ਹਾ ਬਾਲ ਕੇ ਉਹ ਦੁੱਧ ਗਰਮ ਕਰਨ ਲੱਗ ਪਿਆ। ਰੋਟੀ ਖਾ ਲੈਣ ਮਗਰੋਂ ਮੈਨੂੰ ਪਤਾਸਿਆਂ ਨਾਲ ਮਿੱਠਾ ਕੀਤਾ ਕੋਸਾ ਦੁੱਧ ਵੀ ਪੀਣਾ ਪਿਆ। ਜਦ ਮੈਂ ਮੁੱਲ ਦੇਣ ਲਈ ਮਾਇਆ ਕੱਢੀ ਤਾਂ ਉਸ ਨੇ ਲੈਣੋਂ ਨਾਂਹ ਕਰ ਦਿੱਤੀ। ਰਾਤ ਬਿਸਰਾਮ ਲਈ ਉਸ ਮੈਨੂੰ ਘਰ ਲਿਜਾਣਾ ਚਾਹਿਆ, ਪਰ ਮੈਂ ਇਹ ਦੱਸ ਕੇ ਕਿ ਮੈਂ ਰਾਤੋ ਰਾਤ ਬਹੁਤ ਕੰਮ ਕਰਨਾ ਹੈ, ਉਸ ਤੋਂ ਵਿਦਾ ਹੋਣਾ ਮੰਗਿਆ। ਤਦ ਉਹ ਅੰਦਰਲੀ ਕੋਠੜੀ ਵਿੱਚ ਗਿਆ ਤੇ ਇਕ ਸ਼ੀਸ਼ੀ ਲਿਆ ਕੇ ਮੈਨੂੰ ਦਿਤੀ। ਇਸ ਵਿਚ ਗੁਲਾਬ ਦਾ ਰੂਹ ਸੀ। ਇਹ ਉਸ ਨੇ ਆਪਣੇ ਵਲੋਂ ਸਤਿਗੁਰੂ ਜੀ ਦੇ ਦਰਬਾਰ ਵਿਚ ਭੇਟਾ ਕੀਤੇ ਜਾਣ ਦੀ ਬੇਨਤੀ ਕੀਤੀ।

"ਮੈਂ ਵਾਹਿਗੁਰੂ ਦਾ ਨਾਂ ਲੈ ਕੇ ਉਸ ਤੋਂ ਵਿਦਾ ਹੋਇਆ। ਝਾਕਾ ਦੇ ਕੇ ਮੈਂ ਦਰੱਖ਼ਤਾਂ ਦੇ ਝੁੰਡਾਂ ਵੱਲ ਮੁੜਿਆ। ਸੀਸ ਨੂੰ ਦਰੱਖ਼ਤ ਤੋਂ ਲਾਹ ਕੇ ਮੈਂ ਉਪਰਲਾ ਕਪੜਾ ਉਤਾਰ ਕੇ ਅੰਦਰਲੇ ਕਪੜੇ ਤੇ, ਸ਼ੀਸ਼ੀ ਵਿਚੋਂ ਗੁਲਾਬ ਦਾ ਰੂਹ ਛਿਣਕਿਆ ਤੇ ਅਰਦਾਸ ਕੀਤੀ ਕਿ ਗੁਰੂ-ਦਰਬਾਰ ਵਿਚ ਇਹ ਪਰਵਾਨ ਹੋਵੇ।"

ਸਾਹਿਬਜ਼ਾਦਾ ਗੋਬਿੰਦ ਰਾਇ ਜੀ ਨੇ ਭਾਈ ਜੈਤਾ



www.AKJ.Org

ਜੀ ਵੱਲ ਤਕ ਕੇ ਕਿਹਾ, "ਭਾਈ ਜੀ, ਇਹ ਉਸੇ ਵੇਲੇ ਸੱਚਖੰਡ ਵਿਚ ਪਰਵਾਨ ਹੋ ਗਿਆ ਸੀ ਤੇ ਜਦੋਂ ਤੁਸੀਂ ਕੀਰਤਪੁਰ ਸਾਹਿਬ ਸੀਸ ਨੂੰ ਬਬਾਣ ਵਿਚ ਸਥਾਪਨ ਕਰ ਕੇ ਸੀਸ ਤੇ ਤੀਜੀ ਵਾਰ ਛਿਣਕਿਆ ਸੀ ਤਾਂ ਉਹ ਦੂਜੀ ਵਾਰ ਗੁਰ-ਦਰਬਾਰ ਵਿਚ ਪਰਵਾਨ ਹੋਇਆ ਸੀ ।"

ਭਾਈ ਜੈਤਾ ਜੀ ਨੇ ਕਿਹਾ, "ਮਹਾਰਾਜ ਜੀ, ਇਕ ਵਾਰੀ ਮੈਂ ਅੰਬਾਲੇ ਲਾਗੇ ਪਹੁੰਚ ਕੇ ਵੀ ਸਤਿਗੁਰਾਂ ਦੇ ਸੀਸ ਤੇ ਇਹੋ ਗੁਲਾਬ ਦਾ ਰੂਹ ਛਿਣਕਿਆ ਸੀ ।"

ਗੁਰੂ ਕੇ ਸਿੱਖਾਂ ਦੇ ਇਸ ਪਰਸੰਗ ਨੂੰ ਜਾਰੀ ਰੱਖਣ ਦੀ ਬੇਨਤੀ ਕਰਨ ਤੇ ਭਾਈ ਜੈਤਾ ਜੀ ਨੇ ਫਿਰ ਵਰਨਣ ਕਰਨਾ ਅਰੰਭਿਆ :

"ਮੈਂ ਸੀਸ ਸਿਰ ਤੇ ਰੱਖ ਕੇ ਦ੍ਰਿੜ੍ਹ ਇਰਾਦਾ ਬਣਾ ਲਿਆ ਕਿ ਅੱਜ ਮੈਂ ਸਾਰੀ ਰਾਤ ਤੁਰਦੇ ਹੀ ਰਹਿਣਾ ਹੈ । ਮੈਂ ਕੁਰਛੇਤਰ ਦੇ ਲਾਗੇ ਪਹੁੰਚ ਚੁੱਕਾ ਸਾਂ । ਸੋਤੇ ਪੈਣ ਤੋਂ ਪਹਿਲਾਂ ਮੈਂ ਕੁਰਛੇਤਰ ਤੇ ਥਾਨੇਸਰ ਲਾਗੋਂ ਲੰਘ ਜਾਣਾ ਚਾਹੁੰਦਾ ਸਾਂ । ਮੈਨੂੰ ਅੰਦਰੋਂ ਕੋਈ ਕਹਿ ਰਿਹਾ ਸੀ ਕਿ ਵੱਡਾ ਖ਼ਤਰਾ ਹੁਣ ਨਿਕਲ ਚੁਕਾ ਹੈ । ਚੰਦਰਮਾ ਚਮਕ ਰਿਹਾ ਸੀ ਤੇ ਦਰੱਖਤਾਂ ਹੇਠੋਂ ਦੌੜਦਿਆਂ-ਤੁਰਦਿਆਂ ਹੁਣ ਕੇਵਲ ਚੋਰਾਂ-ਡਾਕੂਆਂ ਦਾ ਹੀ ਖ਼ਤਰਾ ਹੋ ਸਕਦਾ ਸੀ, ਜਿਨ੍ਹਾਂ ਤੋਂ ਸਤਿਗੁਰੂ ਜੀ ਦੇ ਸਿੱਖ ਨੂੰ ਕੋਈ ਭੈ ਨਹੀਂ ਸੀ । ਟਾਵਾਂ ਟਾਵਾਂ ਕੋਈ ਬੰਦਾ ਜਾਂ ਸਵਾਰ ਮੇਰੇ ਲਾਗੋਂ ਲੰਘਦਾ ਰਿਹਾ । ਮੈਂ ਚੰਗੀ ਦੌੜ ਵੀ ਲਾ ਲੈਂਦਾ ਸਾਂ, ਪਰ ਚਾਲ ਵੀ ਮੈਂ ਹੁਣ ਬਹੁਤ ਹੀ ਤੇਜ਼ ਕਰ ਦਿੱਤੀ ਸੀ । ਸੋਤੇ ਪੈਣ ਤੋਂ ਪਹਿਲਾਂ ਹੀ ਮੈਂ ਕੁਰਛੇਤਰ ਲੰਘ ਗਿਆ ਸਾਂ । ਹੋਰ ਪੰਜਾਂ ਛੇਆਂ ਘੜੀਆਂ ਵਿਚ ਮੈਂ ਮਾਰਕੰਡੇ ਕੰਢੇ ਪਹੁੰਚ ਗਿਆ । ਮਾਰਕੰਡੇ ਦੀ ਧਾਰ ਬਹੁਤ ਪਤਲੀ ਤੇ ਪੇਤਲੀ ਵਗ ਰਹੀ ਸੀ, ਸੋ ਮੈਂ ਵਿਚੋਂ ਦੀ ਤੁਰ ਕੇ ਪਾਰ ਕਰ ਲਈ । ਉਥੋਂ ਥੋੜਾ ਜਿਹਾ ਜਲ ਛਕ ਕੇ ਮੈਂ ਫੇਰ ਪਹਿਲੀ ਚਾਲੇ ਰਵਾਨਾ ਹੋਇਆ ਤੇ ਅੱਠਾਂ ਕੁ ਘੜੀਆਂ ਵਿਚ ਤਿੰਨ-ਪਹਿਰੇ ਦੇ ਵੇਲੇ ਸ਼ਹਿਰ ਅੰਬਾਲੇ ਪਹੁੰਚ ਗਿਆ ।

"ਸ਼ਰਧਾਲੂਆਂ ਨੂੰ ਸੂੰਧਕ ਲੱਗ ਗਈ । ਉਨ੍ਹਾਂ ਮੇਰੀ ਬੜੀ ਸੇਵਾ ਕੀਤੀ : ਪੈਰ ਦਬਾਏ, ਲਤਾਂ, ਉਪਰ ਕਰ ਕੇ, ਤੇਲ ਦੀ ਮਾਲਸ਼ ਨਾਲ ਸੂਤੀਆਂ, ਗਿੱਟਿਆਂ ਤੋਂ ਲੈ ਕੇ ਗੋਡਿਆਂ ਤਕ ਪੱਟੀਆਂ ਬਣਾ ਕੇ ਕਸ ਕੇ ਬੰਨ੍ਹ ਦਿਤੀਆਂ । ਪਰਸ਼ਾਦ, ਘਿਓ, ਦੁੱਧ ਦਾ ਝਟਪਟ ਪਰਬੰਧ ਹੋ ਗਿਆ । ਪਰ ਮੈਨੂੰ ਛੇਤੀ ਅਨੰਦਪੁਰ ਪਹੁੰਚਣ ਦੀ ਚਿੰਤਾ ਲਗੀ ਹੋਈ ਸੀ । ਸੋ, ਮੈਂ ਕੋਈ ਭਾਰੀ ਗ਼ਜ਼ਾ ਨਾ ਖਾਧੀ । ਕੇਵਲ ਚਾਰ ਘੜੀਆਂ ਬਿਸਰਾਮ ਕੀਤਾ, ਪਰ ਇੰਨੇ ਨਾਲ ਹੀ ਮੈਂ ਆਪਣੇ ਆਪ ਨੂੰ ਨਵਾਂ ਨਰੋਆ ਪਰਤੀਤ ਕੀਤਾ । ਸਤਿਗੁਰੂ ਜੀ ਦੇ ਸੀਸ ਨੂੰ ਵੇਲੇ ਸਿਰ ਅਨੰਦਪੁਰ ਪਹੁੰਚਾਉਣ ਦਾ ਜੋਸ਼ ਪਤਾ ਨਹੀਂ ਮੇਰੇ ਅੰਦਰ ਕਿਸ ਭਰ ਦਿਤਾ ਸੀ ? ਮੈਂ ਤਾਂ ਇਸ ਨੂੰ ਸਤਿਗੁਰੂ ਜੀ ਦੀ ਮਿਹਰ ਸਦਕਾ ਹੀ ਮੰਨਦਾ ਸਾਂ, ਨਹੀਂ ਤਾਂ ਕੀ ਇਹ ਦਾਸ ਤੇ ਕੀ ਇਹ ਮੁਹਿੰਮ ਸਰ ਕਰਨੀ !

"ਮੂਨ੍ਹੇਰੇ ਹੀ ਮੈਂ ਅੰਬਾਲਿਓਂ ਨਿਕਲ ਤੁਰਿਆ । ਘਘਰ ਨਦੀ ਪਾਰ ਕਰ ਕੇ ਮੈਂ ਪਿੰਡੋ ਪਿੰਡ ਪੈ ਗਿਆ । ਹੁਣ ਮੈਨੂੰ ਰਸਤੇ ਦੇ ਪੋਟੇ ਪੋਟੇ ਦੀ ਵਾਕਫ਼ੀ ਸੀ ਤੇ ਇਸ ਪਾਸੇ ਵਲ ਸ਼ਾਹੀ ਸਿਪਾਹੀਆਂ ਦਾ ਫੇਰਾ ਵੀ ਘਟ ਸੀ । ਮੈਂ ਬਿਜਵਾੜੇ ਤੇ ਖਰੜ ਦੇ ਵਿਚਕਾਹਿਓਂ ਲੰਘ ਤੁਰਿਆ ਸਾਂ ਕਿ ਜਦ ਆਪ ਜੀ ਦੇ ਭੇਜੇ ਗੁਰ-ਸਿਖ ਘੋੜ-ਚੜ੍ਹਿਆਂ ਨੇ ਦੁਪਹਿਰ ਤੋਂ ਕੁਝ ਪਹਿਲਾਂ ਹੀ ਮੈਨੂੰ ਭਾਲ ਲਿਆ ਤੇ ਫੇਰ ਅਸੀਂ ਰੋਪੜ ਨੂੰ ਇਕ ਲਾਂਭੇ ਛੱਡਦੇ ਪਹਾੜਾਂ ਦੇ ਨਾਲ ਨਾਲ ਤੀਜੇ ਪਹਿਰ ਕੀਰਤਪੁਰ ਸਾਹਿਬ ਪਹੁੰਚ ਗਏ । ਇਸ ਖ਼ਿਆਲ ਨਾਲ ਕਿ ਸ੍ਰੀ ਗੁਰੂ ਹਰਿ ਗੋਬਿੰਦ ਜੀ, ਸ੍ਰੀ ਗੁਰੂ ਹਰਿ ਰਾਇ ਜੀ ਦਾ ਸਸਕਾਰ ਕੀਰਤਪੁਰ ਸਾਹਿਬ ਹੋਇਆ ਸੀ ਅਤੇ ਬਾਲਾ ਗੁਰੂ ਸ੍ਰੀ ਹਰਿ ਕ੍ਰਿਸ਼ਨ ਜੀ ਦੀ ਭਸਮ ਵੀ ਉਥੇ ਸਮਾਧੀ-ਇਸਥਿਤ ਕੀਤੀ ਗਈ ਸੀ, ਮੈਂ ਸਤਿਗੁਰਾਂ ਦੇ ਸੀਸ ਸਮੇਤ ਉਥੇ ਹੀ ਟਿਕ ਗਿਆ ਅਤੇ ਤਾਜ਼ਾ-ਦਮ ਘੋੜੇ ਲੈ ਕੇ ਘੋੜ-ਚੜ੍ਹੇ ਘੋੜੇ ਉਡਾਉਂਦੇ ਆਪ ਪਾਸ ਪਹੁੰਚ ਗਏ । ਅਗੋਂ ਦੇ ਸਾਰੇ ਪਰਸੰਗ ਬਾਰੇ ਆਪ ਜੀ ਸਾਰਿਆਂ ਨੂੰ ਪਤਾ ਹੀ ਹੈ ।"

ਭਾਈ ਜੈਤਾ ਜੀ ਦੀ ਬੀਰਤਾ, ਲਗਨ, ਗੁਰੂ ਘਰ ਲਈ ਕੁਰਬਾਨੀ ਦੀ ਪਰਸੰਸਾ ਸਾਰੇ ਸਿੱਖ-ਸਰੋਤਿਆਂ



www.AKJ.Org

ਦੀਆਂ ਅੱਖਾਂ ਵਿਚੋਂ ਲਿਸ਼ਕ ਪਈ। ਸ੍ਰੀ ਗੁਰੂ ਗੋਬਿੰਦ ਰਾਇ ਜੀ ਉੱਠੇ। ਗਲ ਵਿਚ ਪੱਲਾ ਪਾ ਕੇ ਖ਼ਾਲੀ ਗੱਦੀ ਸਾਹਮਣੇ ਖਲੋ ਗਏ। ਸਾਰੀ ਸੰਗਤ, ਸਮੇਤ ਮਾਤਾ ਮਹਾਂ ਨਾਨਕੀ ਜੀ ਤੇ ਮਾਤਾ ਗੁਜਰੀ ਜੀ ਉਨ੍ਹਾਂ ਦੇ ਮਗਰ ਸਾਵਧਾਨ ਹੋ ਕੇ ਖਲੋ ਗਈ। ਗੋਬਿੰਦ ਜੀ ਨੇ ਉਸ ਗੱਦੀ ਤੇ ਸਤਿਗੁਰੂ ਨਾਨਕ ਦੇਵ ਜੀ ਤੋਂ ਸਤਿਗੁਰੂ ਤੇਗ਼ ਬਹਾਦਰ ਜੀ ਪਰਯੰਤ ਮਾਨੋ ਸਭ ਗੁਰੂ ਸਾਹਿਬਾਨ ਦੇ ਦਰਸ਼ਨ ਕੀਤੇ। ਅਰਦਾਸ ਵਿਚ ਬੁਲ੍ਹ ਫਰਕੇ ਤੇ ਨੈਣ ਜੁੜ ਗਏ। ਗੁਰੂ ਕੁਮਾਰ ਗੋਬਿੰਦ ਰਾਇ ਜੀ ਦੇ ਮਗਰ ਸਾਰਿਆਂ ਨੇ ਉਸ 'ਸੱਚ' ਦੀ ਗੱਦੀ ਨੂੰ ਮੱਥਾ ਟੇਕਿਆ। ਸਾਹਿਬਜ਼ਾਦਾ ਜੀ ਨੇ ਮਾਤਾ ਮਹਾਂ ਤੇ ਮਾਤਾ ਜੀ ਦੇ ਚਰਨ ਪਰਸੇ ਤੇ ਉਨ੍ਹਾਂ ਦੇ ਚਿਹਰੇ ਤੇ ਇਕ ਅਨੋਖਾ ਜਲਾਲ ਆ ਗਿਆ। ਉਹ ਗੱਦੀ ਵੱਲ ਵਧੇ। ਫੇਰ ਗੱਦੀ ਨੂੰ ਨਮਸਕਾਰ ਕੀਤੀ ਅਤੇ ਅਛੋਪਲੀ ਚਰਨ ਰੱਖ ਕੇ ਉਹ ਗੁਰ-ਗੱਦੀ ਤੇ ਖਲੋ ਗਏ। ਬਾਹਾਂ ਖਲਾਰ ਕੇ ਉਨ੍ਹਾਂ ਭਾਈ ਜੈਤਾ ਜੀ ਨੂੰ ਆਪਣੇ ਕੋਲ ਬੁਲਾਇਆ ਅਤੇ ਆਪਣੀ ਗਲਵਕੜੀ ਵਿਚ ਕੱਸ ਲਿਆ। ਸਾਹਿਬ ਗੁਰੂ-ਕੁਮਾਰ ਗੱਦੀ ਤੇ ਖ਼ਲੋ ਕੇ ਵੀ ਭਾਈ ਜੈਤਾ ਜੀ ਤੋਂ ਨੀਵੇਂ ਸਨ। ਭਾਈ ਜੈਤੇ ਨੇ ਸਿਰ ਨੀਵਾਂ ਕਰ ਕੇ ਸਾਹਿਬਾਂ ਦੀ ਛਾਤੀ ਤੇ ਲੈ ਆਂਦਾ, ਜਿਵੇਂ ਬੱਚੇ-ਨੇ ਆਪਣੇ ਪਿਤਾ ਦੀ ਛਾਤੀ ਤੇ ਸਿਰ ਰੱਖ ਦਿਤਾ ਹੋਵੇ। ਸਾਹਿਬਾਂ ਨੇ ਪਿਆਰ ਨਾਲ ਗਦ ਗਦ ਹੋ ਕੇ ਬਚਨ ਕੀਤਾ, "ਭਾਈ ਸਾਹਿਬ, ਤੁਸਾਂ ਕੁਲਾਂ ਤਾਰ ਲਈਆਂ ਹਨ।" ਅਤੇ ਫੇਰ ਗਲਵਕੜੀ ਵਿਚ ਕੱਸਦਿਆਂ ਦੂਸਰਾ ਬਚਨ ਕੀਤਾ, "ਰੰਘਰੇਟੇ ਗੁਰੂ ਕੇ ਬੇਟੇ!" ਅਸਚਰਜ ਦ੍ਰਿਸ਼ ਸੀ—ਦਸ ਸਾਲ ਦਾ ਪਿਤਾ ਤੇ ਚਾਲੀ ਸਾਲ ਦਾ ਪੁੱਤਰ! ਰੰਘਰੇਟੇ ਭਾਈ ਜੈਤਾ ਜੀ ਸਾਹਿਬਜ਼ਾਦਾ ਜੀ ਦੇ ਚਰਨਾਂ ਤੇ ਢਹਿ ਪਏ। ਉਹ ਮੁੜ ਮੁੜ ਉਚਾਰ ਰਹੇ ਸਨ :—

"ਨੀਚਹੁ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥"

ਵਾਤਸਲ-ਪਿਆਰ ਵਿਚ ਰੰਗੇ ਸਾਹਿਬਜ਼ਾਦਾ ਜੀ ਨੇ ਲਾਡ ਨਾਲ ਭਾਈ ਜੈਤਾ ਜੀ ਨੂੰ ਚੁੱਕਿਆ ਤੇ ਕਿਹਾ, "ਭਾਈ ਜੈਤਾ ਜੀ, ਤੁਸੀਂ ਇਸ ਕੁਰਬਾਨੀ ਨਾਲ ਨਵਾਂ 'ਜੀਵਨ' ਪ੍ਰਾਪਤ ਕੀਤਾ ਹੈ! ਪਰੀਖਿਆ ਦੇ ਵੇਲੇ ਵੀ ਤੁਸੀਂ ਪਹਿਲੋਂ ਪਰਖੇ ਹੋਏ ਸਮਝੇ ਜਾਓਗੇ!"

---

# ਅਮਰੀਕਾ ਤੋਂ ਪੁਸਤਕ-ਫ਼ੰਡ ਲਈ ਸਹਾਇਤਾ

ਮਾਨਯਵਰ ਬਾਊ ਮਲ ਸਿੰਘ ਜੀ ਸੂਚਨਾ ਦਿੰਦੇ ਹਨ ਕਿ ਉਨ੍ਹਾਂ ਨੂੰ ਅਮਰੀਕਾ (U.S.A.) ਤੋਂ ਸ ਅਵਤਾਰ ਸਿੰਘ ਜੀ ਜਰਸੀ ਸਿਟੀ ਨਿਵਾਸੀ ਨੇ ਪੰਜ ਸੌ ਡਾਲਰ ਭੇਜੇ ਹਨ। ਇਹ ਰਕਮ ਭਾਈ ਸਾਹਿਬ ਰਣਧੀਰ ਸਿੰਘ ਜੀ ਪੁਸਤਕ-ਫ਼ੰਡ ਦੀ ਸਹਾਇਤਾ ਲਈ ਬਾਊ ਜੀ ਨੂੰ ਪੁਜੀ ਹੈ, ਜੋ ਕਿ ਬਾਊ ਜੀ ਨੇ ਸ: ਬਲਬੀਰ ਸਿੰਘ ਜੀ ਸਪੁੱਤਰ ਭਾਈ ਸਾਹਿਬ ਰਣਧੀਰ ਸਿੰਘ ਜੀ ਨੂੰ ੧੨੬—ਮਾਡਲ ਟਾਊਨ ਲੁਧਿਆਣਾ ਨੂੰ ਭੇਜ ਦਿਤੀ ਹੈ।

ਗੁਰਮੁਖ ਪਿਆਰੇ ਵੀਰ ਅਵਤਾਰ ਸਿੰਘ ਜੀ ਬਹੁਤ ਨਿਰਮਾਣ ਤੇ ਗੁਝੇ ਗੁਰੂ ਕੇ ਲਾਲ ਸਮੇਂ ਸਮੇਂ ਅਜਿਹੀ ਗੁਪਤ ਸੇਵਾ ਕਰਦੇ ਰਹਿੰਦੇ ਹਨ। ਦੂਰ ਦੁਰਾਡੇ ਅਮਰੀਕਾ ਵਰਗੇ ਮੁਲਕ ਵਿਚ ਰਹਿੰਦਿਆਂ ਵੀ ਆਪ ਦਾ ਵੈਰਾਗ ਅਤੀ ਤੀਖਣ ਹੈ। ਵਾਹਿਗੁਰੂ ਆਪ ਜੀ ਦੇ ਇਸ ਬਿਰਹੋਂ ਵੈਰਾਗ ਨੂੰ ਫਲੀਭੂਤ ਕਰੇ ਅਤੇ ਆਪ ਜੀ ਦੀ ਨਿਰਮਾਣ ਸਿਖੀ ਆਪਣੇ ਪਰਵਾਰ ਤੇ ਸਿਖ ਜਗਤ ਲਈ ਚਾਨਣ-ਮੁਨਾਰਾ ਬਣੇ।

---

**ਅਕਾਲ ਚਲਾਣਾ** ਭਾਈ ਅਮਰ ਸਿੰਘ ਪੂਰਲਾ ਨਿਵਾਸੀ ਜੀ ੨੮ ਅਕਤੂਬਰ ੧੯੭੫ ਦੀ ਸ਼ਾਮ ਨੂੰ ਅਕਾਲ ਚਲਾਣਾ ਕਰ ਗਏ ਹਨ। ਵਾਹਿਗੁਰੂ ਉਨ੍ਹਾਂ ਦੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ੇ।



www.AKJ.Org

# ਗੁਰੂ ਗ੍ਰੰਥ ਜੀ ਮਾਨਿਉ, ਪ੍ਰਗਟ ਗੁਰਾਂ ਕੀ ਦੇਹਿ

[ਵਲੋਂ :—ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਮਾਨੁਖਾ ਦੇਹ ਧਾਰਨ ਦਾ ਪਰਮ ਪਰਯੋਜਨ ਗੁਰੂ ਤਤ ਆਦਰਸ਼ ਵਾਹਿਗੁਰੂ-ਦਰਸ਼ਨ ਦੀ ਪ੍ਰਾਪਤੀ, ਪ੍ਰਭੂ-ਮਿਲਾਪ ਮਈ ਪ੍ਰਾਪਤੀ ਹੈ । ਏਹ ਪ੍ਰਾਪਤੀ ਕੇਵਲ ਸਤਿਗੁਰ ਪ੍ਰਸਾਦਿ ਦਵਾਰਾ ਹੀ ਸੰਭਵ ਹੈ । ਸਤਿਗੁਰ ਸਰਨਾਈ ਆਇਆਂ ਹੀ ਅਤੇ ਸਤਿਗੁਰ ਸਰਨੀ ਆਇ ਕੇ ਨਾਮ-ਧਨ ਵਣਜਿਆਂ ਹੀ ਪ੍ਰਭੂ ਪ੍ਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ । ਵਣਜਾਰੇ ਸਿਖ ਸਤਿਗੁਰੂ ਦੇ ਦੁਆਰਿਓਂ ਸਿਮਰਨ ਦੀ ਦਾਤਿ ਪ੍ਰਾਪਤ ਕਰ ਕੇ ਅਤੇ ਅਤੁਟ ਅਭਿਆਸ ਕਮਾਈਆਂ ਕਰ ਕੇ ਨਾਮੀ ਅਕਾਲ ਪੁਰਖ ਦੇ ਪਾਵਣ ਦੇ ਵਡਭਾਗੀ ਬਣਦੇ ਹਨ । ਸਤਿ-ਗੁਰ ਦੇ ਸਿਖ ਸੰਤ ਜਨਾਂ ਮਈ ਮਿਤਾਂ ਪੁੱਤਾਂ ਭਾਈਆਂ ਬਾਝੋਂ ਨਾਮੁ ਕਿਸੇ ਨੂੰ ਨਹੀਂ ਮਿਲਦਾ ਅਤੇ ਸਚੇ ਸਤਿਗੁਰੂ ਦੇ ਦੁਆਰਿਓਂ ਹੀ ਮਿਲਦਾ ਹੈ । ਯਥਾ ਗੁਰਵਾਕ :—

ਮੈ ਹਰਿ ਬਿਨੁ ਅਵਰੁ ਨਾ ਕੋਇ ॥ ਹਰਿ ਗੁਰ ਸਰਣਾਈ ਪਾਈਐ ਵਣਜਾਰਿਆ ਮਿਤ੍ਰਾ ਵਡਭਾਗਿ ਪਰਾਪਤਿ ਹੋਇ ॥੧॥ਰਹਾਉ॥ ਸੰਤ ਜਨਾ ਵਿਣੁ ਭਾਈਆ ਹਰਿ ਕਿਨੈ ਨ ਪਾਇਆ ਨਾਉ ॥ [ਸਿਰੀ ਰਾਗੁ ਮ: ੪, ਪੰਨਾ ੧

ਨਾਮ-ਨਿਧਾਨ ਜਾਪ ਕਮਾਈਆਂ ਵਾਲੇ ਭਾਈ ਜਨਾਂ ਨੂੰ ਹੀ ਸੰਤ ਜਨਾਂ ਦੀ ਪਦਵੀ ਪ੍ਰਾਪਤ ਹੈ, ਪਰ ਉਹ ਸਿਖ-ਸੰਤ ਹੀ ਕਹਾਉਂਦੇ ਹਨ । ਗੁਰੂ-ਸੰਤ ਦੀ ਪਦਵੀ ਗੁਰਮਤਿ ਅੰਦਰਿ ਸਿਖ-ਸੰਤਾਂ ਨੂੰ ਪ੍ਰਾਪਤ ਨਹੀਂ । ਨਾਮ ਰਸਾਇਣੀ ਅੰਮ੍ਰਿਤ ਪਦਾਰਥ, ਸਿਖ-ਸੰਤ ਰੂਪੀ ਸੁਚਿਆਂ ਸੂਧਿਆਂ ਭਾਂਡਿਆਂ ਅੰਦਰ ਹੀ ਸਮਾਉਂਦਾ ਹੈ, ਮਨਮੁਖੀ ਮੂਧਿਆਂ ਭਾਂਡਿਆਂ ਵਿਚ ਨਹੀਂ ਸਮਾਉਂਦਾ । ਗੁਰ-ਦੀਖਿਆ ਦੁਆਰਾ ਹੀ ਨਾਮ ਦਾ ਨਿਵਾਸ ਸੁਚੇ ਸੂਧੇ ਭਾਂਡੇ ਅੰਦਰ ਹੁੰਦਾ ਹੈ । ਓਹੀ ਭਾਂਡੇ ਸਚੇ ਅਤੇ ਸੁਚੇ ਹਨ ਜਿਨ੍ਹਾਂ ਨੂੰ ਸ਼ਬਦ ਦੀ ਸਚੀ ਪਿਆਸ ਲਗੀ ਹੈ । ਯਥਾ ਗੁਰਵਾਕ :—

ਨਾਮਿ ਸਮਾਵੈ ਜੋ ਭਾਡਾ ਹੋਇ ॥ ਊਂਧੈ ਭਾਂਡੈ ਟਿਕੈ ਨ ਕੋਇ ॥ ਗੁਰ ਸਬਦੀ ਮਨਿ ਨਾਮਿ ਨਿਵਾਸੁ ॥ ਨਾਨਕ ਸਚੁ ਭਾਂਡਾ ਜਿਸੁ ਸਬਦ ਪਿਆਸ ॥ [ਗਉ: ਮ: ੩, ਪੰਨਾ ੧੫੮

ਸਿਧਿਆਂ ਭਾਂਡਿਆਂ ਨੇ ਸਤਿਗੁਰੂ ਤੋਂ ਸਿਮਰਨ-ਦਾਤਿ ਪ੍ਰਾਪਤਿ ਕਰ ਕੇ ਫੇਰ ਨਾਮ-ਅਭਿਆਸ ਕਮਾ-ਈਆਂ ਦਾ ਬਿਲੋਵਨਾ ਬਲੋਵਿਆ ਹੈ ਅਤੇ ਇਸ ਬਿਧੀ ਗੁਰਮੁਖ ਜਨਾਂ ਨੇ ਅੰਦਰੋਂ ਹੀ ਮਥ ਕੇ ਤਤ ਕਢਿਆ ਹੈ । ਸਰੀਰ-ਸਰੋਵਰ ਵਿਚੋਂ ਹੀ ਇਨ੍ਹਾਂ ਨੂੰ ਨਾਮ ਰੂਪੀ ਰਤਨ-ਪਦਾਰਥ ,ਜੋਤੀ ਪ੍ਰਕਾਸ਼ ਹੀਰੇ ਕਣੀ ਦੀ ਜੋਤ ਮਣੀ ਪ੍ਰਾਪਤ ਹੋਈ ਹੈ ।

ਸਰੀਰਿ ਸਰੋਵਰਿ ਗੁਣ ਪਰਗਟਿ ਕੀਏ ॥
ਨਾਨਕ ਗੁਰਮੁਖਿ ਮਥਿ ਤਤੁ ਕਢੀਏ ॥
[ਆਸਾ ਮ: ੪, ਪੰਨਾ ੩੬੭

ਪ੍ਰੰਤੂ ਏਹ ਤਤ ਅੰਮ੍ਰਿਤ, ਅੰਮ੍ਰਿਤ ਰਸਾਇਣੀ ਖੀਰ ਮਥੇ ਤੇ ਹੀ ਪ੍ਰਾਪਤ ਹੁੰਦਾ ਹੈ, ਨੀਰ ਵਿਰੋਲਿਆਂ ਨਹੀਂ ਹੁੰਦਾ । ਗੁਰਬਾਣੀ ਹੀ ਅੰਮ੍ਰਿਤ ਰਸਾਇਣੀ ਖੀਰ ਸਮੁੰਦਰ ਹੈ, ਜਿਸ ਨੂੰ ਮਥਿਆਂ ਅੰਮ੍ਰਿਤ ਗੁਨ ਰੂਪੀ ਹੀਰਾ ਰਤਨ ਜੋਤਿ ਵਿਗਾਸ ਜਗਮਗੀ ਸਰੂਪ ਵਿਖੇ ਘਟ ਅੰਤਰਿ ਹੀ ਆਨਿ ਜਗਮਗਾਉਂਦਾ ਹੈ । ਅਨ-ਦਿਨ ਗੁਰਬਾਣੀ ਰੂਪੀ ਗੁਣ ਗਾਵਣ ਕਰਿ ਅੰਮ੍ਰਿਤ ਨਾਮ ਰੂਪੀ ਤਥ ਵਥ ਵਿਰੋਂ ਵਿਗਸ ਆਉਂਦੀ ਹੈ । ਯਥਾ ਗੁਰਵਾਕ :—

ਅਨਦਿਨ ਹਰਿ ਕੇ ਗੁਣ ਰਵੈ ਗੁਣ ਪਰਗਟੁ ਕਿਤਾ ॥
[ਗੂਜਰੀ ਕੀ ਵਾਰ ਮ: ੩, ਪੰਨਾ ੫੧੨

ਰਵਣ-ਯੋਗ ਗੋਬਿੰਦ ਗੁਣਾਂ ਦਾ ਸਾਗਰ ਗੁਰਬਾਣੀ ਦੇ ਬੋਹਿਥ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਚੇ ਗੁਰਦੇਵ ਹੀ ਹਨ, ਜਿਸ ਅੰਦਰ ਧੁਰ ਕੀ ਆਈ ਪਾਰਸ ਬਾਣੀ ਰੂਪੀ ਅੰਮ੍ਰਿਤ ਭਰਪੂਰ ਹੈ, ਪੂਰੋ ਪੂਰ ਭਰਪੂਰ ਹੈ ।

ਸਤਿਗੁਰੂ ਨਾ ਸਿਰਫ਼ ਸਿਮਰਨ-ਦਾਤਾ ਹੀ ਹੈ, ਬਲਕਿ ਜੋ ਧੁਰੋਂ ਆਈ ਬਾਣੀ ਰੂਪੀ ਅੰਮ੍ਰਿਤ ਬਚਨਾਂ ਦਾ ਤਤ ਬਿਖਿਆਤਾ ਹੈ ਸੋ ਸਤਿਗੁਰੂ ਗੁਰਦੇਵ ਹੀ ਸਚੀ ਪਦਵੀ ਦਾ ਅਧਿਕਾਰੀ ਹੈ । ਸਤਿਗੁਰ ਦੇ ਮੁਖੋਂ ਉਚਰੇ ਗੁਰਬਾਣੀ ਰੂਪੀ ਪਾਰਸ ਬਚਨਾਂ ਦੀ ਪਾਰਸ ਕਲਾ ਤਿਨ੍ਹਾਂ ਵਡਭਾਗੇ ਜਨਾਂ ਨੂੰ ਵਾਹਿਗੁਰੂ ਸੰਗ ਜੋੜਨ



www.AKJ.Org

ਦਾ ਸੁਭਾਗ ਬਖ਼ਸ਼ਦੀ ਹੈ, ਜਿਨ੍ਹਾਂ ਨੂੰ ਸਤਿਗੁਰ ਸਾਹਿਬ ਅੰਮ੍ਰਿਤ ਬਚਨਾਂ ਦੀ ਦਾਤਿ ਦੇ ਪਾਤਰ ਬਣਾਉਂਦੇ ਹਨ। ਯਥਾ ਗੁਰਵਾਕ :—

ਸਤਿਗੁਰੁ ਦੇਉ ਪਰਤਖਿ ਹਰਿ ਮੂਰਤਿ ਜੋ ਅੰਮ੍ਰਿਤ ਬਚਨ ਸੁਣਾਵੈ ॥ ਨਾਨਕ ਭਾਗ ਭਲੇ ਤਿਸੁ ਜਨ ਕੇ ਜੋ ਹਰਿ ਚਰਣੀ ਚਿਤੁ ਲਾਵੈ ॥੫॥ [ਮਲਾਰ ਮ: ੪, ਪੰਨਾ ੧੨੬੪

ਇਸ ਗੁਰਵਾਕ ਅਨੁਸਾਰ ਅਜ ਇਸ ਵਰਤਮਾਨ ਕਾਲ ਅੰਦਰ ਅੰਮ੍ਰਿਤ ਬਚਨਾਂ ਦਾ ਭੰਡਾਰ ਗੁਰਬਾਣੀ ਰੂਪੀ ਅੰਮ੍ਰਿਤ ਬਚਨ ਦਾ ਸੁਣਾਵਣਹਾਰ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਇਸ ਗੁਰਵਾਕ ਦੀ ਕਸਉਟੀ ਅਨੁਸਾਰ ਕੋਈ ਭੀ ਅਲਪੱਗ ਦੇਹਧਾਰੀ ਪੁਰਸ਼ ਗੁਰੂ ਕਹਾਉਣ ਦਾ ਅਧਿਕਾਰੀ ਨਹੀਂ। ਗੁਰੂ ਬਾਣੀ ਮਈ ਅੰਮ੍ਰਿਤ ਬਚਨਾਂ ਦੀ ਸ੍ਰੋਤ-ਸ੍ਰਵਣੀ ਪੈ ਸਕਦੀ ਹੈ ਤਾਂ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਰਤੱਖ ਹਰਿ ਮੂਰਤ ਦੇ ਸਰੂਪ ਤੋਂ ਪੈ ਸਕਦੀ ਹੈ। ਦਸੇ ਗੁਰੂ ਪਾਤਸ਼ਾਹੀਆਂ ਦੇ ਸਚੇ ਸਰੂਪ ਗੁਰਾਂ ਦੀ ਦੇਹ, ਸਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਿਨਾਂ ਹੋਰ ਕੋਈ ਦੇਹਧਾਰੀ ਗੁਰੂ ਅੰਮ੍ਰਿਤ ਬਚਨ ਸੁਣਾਉਣ ਦੇ ਸਮਰਥ ਨਹੀਂ। ਇਹ ਸਮਰਥਤਾ ਹੈ ਤਾਂ ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਸੁਣ ਪੜ੍ਹ ਕੇ ਅੰਮ੍ਰਿਤ ਬਚਨਾਂ ਦਾ ਸੁਣਾਵਣ ਅਤੇ ਉਚਾਰਨਹਾਰਾ ਬਾਣੀ-ਵਕਤਾ, ਪਾਠ ਸੁਣਾਵਣਹਾਰਾ ਪਾਠੀ ਯਾ ਗੁਰੂ-ਹੁਕਮ ਸੁਣਾਵਣਹਾਰਾ ਸੇਵਕ ਮੇਵੜਾ, ਹਰਗਿਜ਼ ਹਰਗਿਜ਼ ਹਰਗਿਜ਼ ਗੁਰੂ ਗੁਰਦੇਵ ਨਹੀਂ ਸਦਾ ਸਕਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਤੋਂ ਵਾਚ ਕੇ ਨਾਮ ਬਾਣੀ ਸੁਣਾਵਣਹਾਰਾ ਐਸਾ ਹੀ ਸਿਮਰਨ-ਦਾਤਾ ਨਹੀਂ ਹੋ ਸਕਦਾ, ਨਾ ਹੀ ਸਦਾ ਸਕਦਾ ਹੈ, ਜੈਸਾ ਕਿ ਇਕ ਇਕੱਲਾ ਅਭਿਆਸੀ ਜਨ ਗੁਰੂ ਦੁਆਰਿਓਂ ਨਾਮ ਦੀ ਦਾਤ ਪ੍ਰਾਪਤ ਕਰ ਕੇ ਅਗਾਂਹ ਕਿਸੇ ਨੂੰ ਨਾਮ ਗੁਰਮੰਤ੍ਰ ਦੀਖਿਆ ਯਾ ਸਿਮਰਨ ਨਹੀਂ ਦ੍ਰਿੜ੍ਹਾ ਸਕਦਾ। ਇਸਦਾ ਸਿਮਰਨ ਦ੍ਰਿੜ੍ਹਾਵਣਾ ਐਸਾ ਹੀ ਤਤ ਸਫਲਤਾ-ਹੀਨ ਹੈ ਜੈਸਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਤੋਂ ਨਾਮ ਬਾਣੀ ਦਾ ਪਾਠ ਮਾਤਰ ਸੁਣਾਵਣਾ ਅਪੂਰਨ ਸਫਲਤਾ ਸੁਖਦਾਇਕ ਹੈ। ਪਾਠੀ ਦਾ ਸਿਮਰਨ ਪਾਠ ਸੁਣਾਵਣਾ, ਸਤਿਗੁਰ ਦੇ ਪਰਤੱਖ ਅੰਮ੍ਰਿਤ ਬਚਨ ਸੁਣਾਵਣ ਸਦਰਸ਼ ਨਹੀਂ, ਹਰਗਿਜ਼ ਨਹੀਂ। ਬਾਣੀ ਗੁਰਬਾਣੀ ਦੇ ਪਾਠ ਮਾਤਰ ਸੁਣਾਵਣ ਨਾਲ ਕੋਈ ਉਚੇ ਤੋਂ ਉਚਾ ਗੁਰਮੁਖ ਜਨ-ਅੰਮ੍ਰਿਤ ਬਚਨ ਸਮਰਥਾ ਵਾਲੇ ਅੰਮ੍ਰਿਤ ਬਚਨਾਂ ਦੇ ਸੋਮੇ ਸਤਿਗੁਰ ਸਦਰਸ਼ ਨਹੀਂ ਹੋ ਸਕਦਾ, ਨਾ ਹੀ ਗੁਰਬਾਣੀ ਦੇ ਪਾਠ ਦੀ ਸੰਥਿਆ ਸਿਖਾਵਣਹਾਰਾ, ਨਾ ਹੀ ਗੁਰੂ ਬਾਣੀ ਅੰਮ੍ਰਿਤ ਕਥਾ ਦਾ ਅਰਥਾਵਣਹਾਰਾ ਗੁਰੂ ਸਦਾ ਸਕਦਾ ਹੈ। ਗੁਰਬਾਣੀ ਦੇ ਪਾਠ ਅੰਮ੍ਰਿਤ ਰੂਪ ਅਕਥ ਕਥਾ ਕਥਨਹਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤ ਮਈ ਪਾਰਸ ਬਾਣੀ ਨਾਲ ਪਰਸ ਕੇ ਪਰਸਦਾ ਪਰਸਦਾ ਖ਼ੁਦ ਤਾਂ ਪਾਵਨ ਪਵਿੱਤਰ ਹੋ ਜਾਂਦਾ ਹੈ, ਪਰ ਸਿਮਰਨ-ਦਾਤਾ ਸਤਿਗੁਰੂ ਨਹੀਂ ਬਣ ਸਕਦਾ। ਸਤਿਗੁਰੂ ਸਾਹਿਬ ਜੀ ਦੇ ਸਾਖਯਾਤ ਸਰੂਪ ਤੋਂ ਸਰੂਪਤ ਹੋ ਕੇ ਅੰਮ੍ਰਿਤ ਬਾਣੀ ਦਾ ਪਾਠ ਸੁਣਾਵਣਹਾਰਾ ਸੁੱਤੇ ਜਨਾਂ ਉਤੇ ਭੀ ਅੰਮ੍ਰਿਤ ਬਾਣੀ ਦਾ ਪਾਰਸ ਪ੍ਰਭਾਵ ਵਰਤਣ ਵਰਤਾ ਸਕਦਾ ਹੈ ਅਤੇ ਅਣਰੁਚਿਆਂ ਦੀ ਰੁਚੀ ਗੁਰੂ ਬਾਣੀ ਵਲ ਲਿਆ ਸਕਦਾ ਹੈ, ਪਰ ਸਿਮਰਨ ਨਹੀਂ ਦ੍ਰਿੜ੍ਹਾ ਸਕਦਾ। ਸਿਮਰਨ ਵਲ ਰੁਚੀ ਰੁਚਿਆ ਸਕਦਾ ਹੈ, ਪਰ ਸਿਮਰਨ-ਦਾਤਿ ਦਾ ਦਾਤਾ ਨਹੀਂ ਬਣ ਸਕਦਾ ਅਤੇ ਸਿਮਰਨ-ਦਾਤਾ ਸਤਿਗੁਰੂ ਨਹੀਂ ਸਦਾ ਸਕਦਾ। ਅੰਮ੍ਰਿਤ ਬਾਣੀ, ਅੰਮ੍ਰਿਤ ਨਾਮ ਮਈ ਸੁਆਂਤੀ ਬੂੰਦ ਜੋ ਚਾਤ੍ਰਿਕ ਤਿਖਾਹਰਿਆਂ ਦੇ ਕੰਠ ਅੰਦਰ ਪ੍ਰਵੇਸ਼ ਹੋ ਸਕਦੀ ਹੈ, ਤਾਂ ਕੇਵਲ ਸਤਿਗੁਰੂ ਸੁਆਂਤੀ ਬੂੰਦ ਦਾਤੇ ਦੁਆਰਾ ਹੀ ਹੋ ਸਕਦੀ ਹੈ। **ਅੰਮ੍ਰਿਤ ਬਾਣੀ ਦੇ ਭੰਡਾਰ, ਅੰਮ੍ਰਿਤ ਬਚਨਾਂ ਦੇ ਸਾਗਰ 'ਪਰਤਖਿ ਹਰਿ ਮੂਰਤਿ' ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਰਸ ਰਸਾਇਣੀ ਤਾਬਿਆ ਹਜ਼ੂਰੀ ਵਿਚ ਪੰਜੇ ਗੁਰਮੁਖ ਪਿਆਰੇ ਹੀ ਪਾਰਸ ਰਸਾਇਣੀ ਆਕ੍ਰਖਣ ਕਲਾ ਵਰਤਾ ਸਕਦੇ ਹਨ, ਇਕੜ ਦੁਕੜ ਕੋਈ ਸਿਖ ਭੀ ਐਸਾ ਕਰਨ ਤੋਂ ਅਸਮਰਥ ਹੈ।** ਧੁਰੋਂ ਆਈ ਬਾਣੀ ਰੂਪੀ ਅੰਮ੍ਰਿਤ ਬਚਨ ਉਤਰੇ ਹਨ ਤਾਂ ਕੇਵਲ ਦਸੇ ਪਾਤਸ਼ਾਹੀਆਂ ਦੇ ਮੁਖਾਰਬਿੰਦ ਵਿਚ ਉਤਰੇ ਹਨ ਯਾ ਦਸਾਂ ਗੁਰੂ ਪਾਤਸ਼ਾਹੀਆਂ ਦੇ ਸਚੇ



www.AKJ.Org

ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦੇਹ ਵਿਚ ਹੀ ਉਤਰੇ ਹਨ। ਪਰਗਟ ਗੁਰਾਂ ਦੀ ਦੇਹ ਜੁ ਹੋਏ, ਹੋਰ ਕਿਸੇ ਦੇਹਧਾਰੀ ਦੀ ਦੇਹ ਵਿਚ ਨਹੀਂ ਉਤਰ ਸਕਦੇ। ਸੋ ਅੰਮ੍ਰਿਤ ਬਚਨ ਪ੍ਰਾਪਤ ਹੋਣਗੇ ਤਾਂ ਬਾਣੀ ਬੋਹਿਥ ਦੇ ਅੰਮ੍ਰਿਤ ਬਚਨਾਂ ਦੇ ਜਹਾਜ਼ ਗੁਰੂ ਗਰੀਬ-ਨਿਵਾਜ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦੇਹ ਤੋਂ ਹੀ ਪ੍ਰਾਪਤ ਹੋਣਗੇ, ਹੋਰ ਕਿਸੇ ਤੋਂ ਨਹੀਂ। ਤਾਂ ਹੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ 'ਸਤਿਗੁਰ ਦੇਉ ਪਰਤਖਿ ਹਰਿ ਮੂਰਤਿ' ਹੈ, ਜਿਥੋਂ ਕਿ ਅੰਮ੍ਰਿਤ ਬਾਣੀ ਦਾ ਸੋਮਾ ਸਫੁਟ ਹੁੰਦਾ ਹੈ। ਜੋ ਜਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉੱਪਰ ਪਰਤੱਖ ਗੁਰਦੇਵ ਵਾਲੀ ਸਰਧਾ ਭਾਵਨੀ ਲਿਆਉਂਦਾ ਹੈ ਉਹ ਹਰਿ ਚਰਨੀ ਚਿਤ ਲਾਉਂਦਾ ਹੈ :—

ਨਾਨਕ ਭਾਗ ਭਲੇ ਤਿਸੁ ਜਨ ਕੇ ਜੋ ਹਰਿ ਚਰਣੀ ਚਿਤੁ ਲਾਵੈ ॥ [ਪੰਨਾ ੧੨੬੪

ਵਾਲੀ ਪੰਕਤੀ ਦਾ ਇਹ ਪਰਮਾਰਥ ਹੈ।

ਸਦੀਵ ਕਾਲ ਅੰਮ੍ਰਿਤ ਬਚਨ ਸੁਣਾਵਣਹਾਰਾ ਅਤੇ ਅੰਮ੍ਰਿਤ ਬਚਨ ਸੁਣਾ ਕੇ ਸਿਮਰਨ-ਦਾਤਿ ਦੇਵਣਹਾਰਾ ਪਰਤੱਖਿ ਹਰੀ ਮੂਰਤਿ ਸਤਿਗੁਰੂ ਗੁਰਦੇਵ ਹੈ ਤਾਂ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਸਤਿਗੁਰੂ ਸਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਮ੍ਰਿਤ ਮਈ ਮੀਠੇ ਬਚਨ ਸੁਣ ਕੇ ਹੀ ਵਾਹਿਗੁਰੂ ਦਾ ਨਾਮ ਮੀਠਾ, ਅਤਿ ਮੀਠਾ ਲਗਦਾ ਹੈ। ਗੁਰਬਾਣੀ, ਗੁਰਮਤਿ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਹੀ ਹੈ, ਹੋਰ ਕੋਈ ਬਾਣੀ ਗੁਰਬਾਣੀ ਨਹੀਂ। ਨਾ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਬਿਹੂਣ ਹੋਰ ਕੋਈ ਬਾਣੀ ਅੰਮ੍ਰਿਤ ਰੂਪ ਹੈ ਯਾ ਪਾਰਸ ਕਲਾ ਸੰਪੰਨ ਅੰਮ੍ਰਿਤ ਬਾਣੀ ਹੈ। ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੁਖਾਰਬਿੰਦ ਦੁਆਰਾ ਜਦ ਨਿਕਸਦੇ ਹਨ ਤਾਂ ਅੰਮ੍ਰਿਤ ਮਈ ਮੀਠੇ ਬਚਨ ਹੀ ਨਿਕਸਦੇ ਹਨ, ਤਾਹੀਂ ਤੇ ਸਤਿਗੁਰੂ ਬਾਣੀ ਗੁਰੂ ਰੂਪ ਹੈ, ਤਾਹੀਂ ਤੇ ਇਸ ਅੰਮ੍ਰਿਤ ਬਾਣੀ ਦਾ ਸਰਚਸ਼ਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਪੁਰਖ ਪੁਰਖੋਤਮ ਹੈ, ਪੁਰਖਾਂ ਸਿਰ ਸਰਬੋਤਮ ਪੁਰਖ ਹੈ। ਤਾਂਤੇ ਇਸ ਪੁਰਖੁ ਪੁਰਖੋਤਮ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨਾਲ ਹੀ ਗੁਰਸਿਖਾਂ ਨੂੰ ਪੂਰਨ ਸ਼ਰਧਾ ਭਾਵਨਾ ਸੇਤੀ ਚਿਤ ਲਾਉਣਾ ਚਾਹੀਦਾ ਹੈ, ਹੋਰ ਕਿਸੇ ਪਾਸੇ ਚਿਤ ਨਹੀਂ ਦੇਣਾ ਚਾਹੀਏ। ਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਛੁਟ ਹੋਰ ਕਿਸੇ ਦੇਹਧਾਰੀ ਨੂੰ ਗੁਰੂ ਮੰਨਣਾ ਚਾਹੀਏ। ਯਥਾ ਗੁਰਵਾਕ—

ਗੁਰਮਤਿ ਹਰਿ ਹਰਿ ਮੀਠਾ ਲਾਗਾ ਗੁਰੁ ਮੀਠੇ ਬਚਨ ਕਢਾਵੈਗੋ ॥ ਸਤਿਗੁਰ ਬਾਣੀ ਪੁਰਖੁ ਪੁਰਖੋਤਮ ਬਾਣੀ ਸਿਉ ਚਿਤੁ ਲਾਵੈਗੋ ॥੨॥

[ਕਾਨੜਾ ਮ: ੪ ਅਸਟ : ਪੰਨਾ ੧੩੦੮

ਪੁਰਖੋਤਮ ਪੁਰਖੁ ਸਚੇ ਗੁਰਦੇਵ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਿਨਾਂ ਹੋਰ ਕੋਈ ਦੇਹਧਾਰੀ ਗੁਰੂ ਨਹੀਂ। ਸ੍ਰੀ ਬਾਬਾ ਰਾਮ ਸਿੰਘ ਜੀ ਜਿਸ ਨੂੰ ਕਿ ਨਾਮ-ਧਾਰੀਏ ਦੇਹਧਾਰੀ ਗੁਰੂ ਕਰਕੇ ਮੰਨਦੇ ਹਨ, ਆਪਣੀਆਂ ਜੇਲ੍ਹੋਂ ਭੇਜੀਆਂ ਚਿਠੀਆਂ ਵਿਚ (ਜਿਨ੍ਹਾਂ ਨੂੰ ਨਾਮਧਾਰੀ ਵੀਰ ਹੁਕਮਨਾਮੇ ਕਰਕੇ ਮੰਨਦੇ ਹਨ) ਇਸ ਪਰਕਾਰ ਲਿਖਦੇ ਹਨ :—

"ਹੋਰ ਭਾਈ ਦਸਾਂ ਪਾਤਸ਼ਾਹੀਆਂ ਤੋਂ ਪਿਛੇ ਗੁਰੂ ਤਾਂ ਮਹਾਰਾਜ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਅਸਥਾਪਨ ਕਰ ਗਏ ਹਨ। **ਸੋ ਸਦਾ ਹੀ ਇਸਥਿਤ ਹੈ, ਹੋਰ ਗੁਰੂ ਕੋਈ ਨਹੀਂ।**"

ਇਹ ਇੰਨ ਬਿੰਨ ਸ੍ਰੀ ਰਾਮ ਸਿੰਘ ਜੀ ਦੇ ਬਚਨ ਹਨ। ਇਨ੍ਹਾਂ ਬਚਨਾਂ ਤੋਂ ਉਲਟ ਅਸਾਡੇ ਨਾਮਧਾਰੀਏ ਭਰਾ ਸ੍ਰੀ ਬਾਬਾ ਜੀ ਨੂੰ ਗੁਰੂ ਥਾਪੀ ਫਿਰਦੇ ਹਨ। ਕੇਸੀ ਬੇਮੁਖਤਾ ਵਾਲੀ ਗੱਲ ਹੈ। ਫੇਰ ਇਕ ਹੋਰ ਚਿਠੀ ਵਿਚ ਸ੍ਰੀ ਬਾਬਾ ਜੀ ਇਉਂ ਲਿਖਦੇ ਹਨ ਸਪੱਸ਼ਟ, 'ਮੈਂ ਗੁਰੂ ਨਹੀਂ ਮੈਂ ਤਾਂ ਗੁਰੂ ਦੇ ਘਰ ਦਾ ਕੂਕਰ ਹਾਂ। ਮੈਂ ਭੀ ਅੱਠੇ ਪਹਿਰ ਏਥੇ ਬੇਨਤੀ ਕਰਦਾ ਹਾਂ ਜੋ ਹੇ ਗੁਰੂ ਜੀ ਤੇਰੀ ਸ਼ਰਨ ਹਾਂ। ਬੇਮੁਖਾਂ ਥੀਂ ਰੱਖ ਲਈਂ। ਮੈਨੂੰ ਤਾਂ ਨਾ ਗੁਰੂ ਬਣਨ ਦੀ ਲੋੜ ਹੈ ਨਾ ਬਰਮਾ ਬਣਨ ਦੀ ਲੋੜ ਹੈ। ਏਹ ਤਾਂ ਏਵੇਂ ਭੌਂਕਦੇ ਹਨ। ਤੁਸੀਂ ਗੁਰੂ ਦੇ ਬਚਨਾਂ ਵਲ ਧਿਆਨ ਕਰਨਾ। ਗ੍ਰੰਥ ਸਾਹਿਬ ਗੁਰੂ ਜੀ ਦੀ ਦੇਹ ਹੈ ਪਰਤੱਖ। ਇਕ ਗੁਰੂ ਗ੍ਰੰਥ ਸਾਹਿਬ, 'ਗੁਰੂ ਗ੍ਰੰਥ ਜੀ ਮਾਨਿਉ ਪ੍ਰਗਟ ਗੁਰਾਂ ਕੀ ਦੇਹਿ। ਜੋ ਪ੍ਰਭੁ ਕੋ ਮਿਲਬੋ ਚਹਿ ਖੋਜ ਇਨਹੀ ਮੈ ਲੇਹਿ ॥' ਹੋਰ ਗੁਰੂ ਜੀ ਨੇ ਲਿਖਾ 'ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥' ਸਤਿਗੁਰ ਦੇਉ ਪਰਤਖਿ ਹਰਿ ਮੂਰਤਿ, ਜੋ ਅੰਮ੍ਰਿਤ ਬਚਨ ਸੁਣਾਵੈ ॥"



www.AKJ.Org

# ਬੀਬੀ ਜ਼ਬੀਦਾ ਖ਼ਾਨਮ

[ ਵਲੋਂ :—ਸ: ਵਰਿਆਮ ਸਿੰਘ ਜੀ, ਗਾਂਧੀ ਨਗਰ, ਦਿੱਲੀ—੩੧ ]

ਅਨੇਕਾਂ ਮੁਸਲਮਾਨ ਹੋਏ ਜਿਨ੍ਹਾਂ ਨੇ ਗੁਰੂ ਘਰ ਨਾਲ ਸੱਚੇ ਦਿਲੋਂ ਪਿਆਰ ਕੀਤਾ । ਸਿਰਫ਼ ਪਿਆਰ ਹੀ ਨਹੀਂ ਕੀਤਾ, ਸਗੋਂ ਸਿੱਖੀ-ਰੰਗ ਵਿਚ ਰੰਗੇ ਗਏ । ਜਿਵੇਂ ਰਾਇ ਬੁਲਾਰ, ਰਾਣੀ ਖੋਖਰਾਂ, ਨਵਾਬ ਦੌਲਤ ਖ਼ਾਨ, ਪੀਰ ਜਲਾਲ, ਉਬਾਰੇ ਖ਼ਾਂ, ਬੀਬੀ ਜ਼ਬੀਦਾ ਖ਼ਾਨਮ, ਬਾਬਾ ਬੁੱਢਣ ਸ਼ਾਹ, ਹਜ਼ਰਤ ਮੀਆਂ ਮੀਰ, ਖ਼ਵਾਜ਼ਾ ਰੋਸ਼ਨ, ਸਯਦ ਜਾਨੀ ਫ਼ਕੀਰ, ਕਰੀਮ ਖ਼ਾਂ, ਭੀਖਨ ਸ਼ਾਹ ਫ਼ਕੀਰ, ਪੀਰ ਬੁੱਧੂ ਸ਼ਾਹ, ਬੀਬੀ ਨਸੀਰਾਂ ਬੇਗਮ ਅਤੇ ਸੈਦ ਖ਼ਾਂ ਆਦਿ ।

ਹੁਣ ਅਸੀਂ ਬੀਬੀ ਜ਼ਬੀਦਾਂ ਖ਼ਾਨਮ ਬਾਰੇ ਕੁਝ ਵਿਚਾਰ ਕਰਨ ਲਗੇ ਹਾਂ । ਇਹ ਗੁਰੂ ਨਾਨਕ ਸਾਹਿਬ ਜੀ ਦੇ ਚਰਨ ਕੰਵਲਾਂ ਤੋਂ ਵਿਕੀ ਹੋਈ ਸੀ ਅਤੇ ਜਦੋਂ ਇਸ ਬੀਬੀ ਨੂੰ ਵਾਹਿਗੁਰੂ ਦੇ ਨਾਮ ਦੀ ਪਾਣ ਚੜ੍ਹੀ ਤਾਂ ਚਲੂਲੇ ਰੰਗ ਮਾਣੇ । ਇਸ ਦਾ ਜੀਵਨ ਗੁਰਮੁਖਾਂ ਵਾਲਾ ਜੀਵਨ ਸੀ ।

ਗੁਰੂ ਨਾਨਕ ਦੇਵ ਜੀ, ਕਰਤਾਰਪੁਰ ਭਾਗ ਲਾ ਰਹੇ ਸਨ ਜਦੋਂ ਸੌੜੀਆਂ ਪਿੰਡ (ਤਸੀਲ ਅਜਨਾਲਾ) ਦਾ ਇਕ ਪਠਾਣ, ਉਬਾਰੇ ਖ਼ਾਂ, ਉਨ੍ਹਾਂ ਦੀ ਸ਼ਰਨ ਆਇਆ । ਗੁਰੂ ਸਾਹਿਬ ਨੇ ਉਸ ਨੂੰ ਸਿੱਖੀ-ਦਾਨ ਬਖ਼ਸ਼ਿਆ । ਉਹ ਸਿੱਖੀ-ਦਾਨ ਲੈ ਕੇ ਅਜਿਹਾ ਮਸਤ ਹੋਇਆ ਕਿ ਉਠਦੇ ਬਹਿੰਦੇ, ਸੌਂਦੇ ਜਾਗਦੇ, ਉਸ ਦੀ ਰਸਨਾ 'ਵਾਹਿਗੁਰੂ' ਦਾ ਪਵਿੱਤਰ ਨਾਂ ਜਪਣ ਲਗੀ । ਉਹ ਕੁਝ ਦਿਨ ਕਰਤਾਰਪੁਰ ਗੁਜ਼ਾਰ ਕੇ ਜਦ ਵਾਪਸ ਆਪਣੇ ਪਿੰਡ ਪੁਜਾ ਤਾਂ ਉਸ ਦੇ ਤੌਰ ਭੌਰ ਬਦਲੇ ਹੋਏ ਸਨ । ਉਹ ਇਸਲਾਮੀ ਸਰਾ ਤਿਆਗ ਚੁਕਾ ਸੀ । ਜਦੋਂ ਇਹ ਹਾਲਤ ਉਸਦੀ ਬੀਵੀ ਜ਼ਬੀਦਾ ਖ਼ਾਨਮ ਨੇ ਦੇਖੀ ਤਾਂ ਹੈਰਾਨ ਹੋਈ। ਇਕ ਦਿਨ ਪੁਛਿਓਸੁ—"ਖ਼ਾਨ ਜੀ ! ਇਉਂ ਲਗਦਾ ਏ ਕਿ ਤੁਹਾਡੇ ਜੀਵਨ ਵਿਚ ਕੋਈ ਵੱਡਾ ਪਲਟਾ ਆਇਆ ਏ । ਜਿਥੇ ਤੁਸੀਂ ਇਸਲਾਮੀ ਸ਼ਰਾ ਨੂੰ ਬਹੁਤ ਮੰਨਦੇ ਸੀ, ਉਥੇ ਉਸ ਨੂੰ ਉਕਾ ਹੀ ਛੱਡ ਬੈਠੇ ਹੋ । ਹਰ ਸਮੇਂ ਤੁਹਾਡੇ ਮੂੰਹੋਂ 'ਵਾਹਿਗੁਰੂ' ਸ਼ਬਦ ਨਿਕਲਦਾ ਰਹਿੰਦਾ ਏ। ਇਹ 'ਵਾਹਿਗੁਰੂ' ਕੌਣ ਏ ਅਤੇ ਇਸ ਨਾਲ ਇਤਨਾ ਲਗਾਉ ਕਿਉਂ ਏ ?"

ਉਬਾਰੇ ਖ਼ਾਂ ਨੇ ਉਤਰ ਦਿਤਾ, "ਜ਼ਬੀਦਾ ! ਮੈਂ ਕੀ ਦਸਾਂ ? ਮੇਰਾ ਤਾਂ ਰੋਮ ਰੋਮ ਵਾਹਿਗੁਰੂ ਸ਼ਬਦ ਵਿਚ ਪਰੋਤਾ ਗਿਆ ਏ । ਇਹ ਉਹੋ ਸ਼ਬਦ ਏ ਜਿਸ ਨੂੰ ਅਸੀਂ ਖ਼ੁਦਾ ਜਾਂ ਅਲਾਹ ਕਹਿੰਦੇ ਹਾਂ । ਇਹ ਸ਼ਬਦ ਗੁਰੂ ਨਾਨਕ ਸਾਹਿਬ ਦੀ ਬਖਸ਼ਿਸ਼ ਨਾਲ ਪਰਾਪਤ ਹੋਇਆ ਏ, ਜਿਨ੍ਹਾਂ ਦਾ ਡੇਰਾ 'ਕਰਤਾਰਪੁਰ' ਵਿਚ ਏ । ਗੁਰੂ ਨਾਨਕ ਸਾਹਿਬ ਜੀ, ਜੋ ਉਚੀਆਂ ਬਖਸ਼ਿਸ਼ਾਂ ਦੇ ਮਾਲਕ ਨੇ, ਉਨ੍ਹਾਂ ਬਾਰੇ ਕੁਝ ਕਹਿਣ ਤੋਂ ਮੇਰੀ ਰਸਨਾ ਅਸਮਰਥ ਏ । ਫਿਰ ਵੀ ਮੈਂ ਇਤਨਾ ਕਹਿੰਦਾ ਹਾਂ ਕਿ ਖ਼ਾਸ ਵਾਹਿਗੁਰੂ ਵਲੋਂ ਘਲੇ ਹੋਏ ਆਏ ਨੇ। ਉਨ੍ਹਾਂ ਦਾ ਦਰਸ਼ਨ ਕੀਤਿਆਂ ਤਾਂ ਤਨ ਮਨ ਠਰਦਾ ਏ । ਇਉਂ ਸਮਝ ਲੈ ਕਿ ਵਾਹਿਗੁਰੂ ਦਾ ਆਪਣਾ ਰੂਪ ਨੇ । ਉਹ ਹਿੰਦੂਆਂ ਅਤੇ ਮੁਸਲਮਾਨਾਂ ਦੇ ਵਹਿਮਾਂ ਭਰਮਾਂ ਨੂੰ ਹਟਾਉਂਦੇ ਨੇ ਅਤੇ ਸੱਚੇ ਨਾਂ ਦਾ ਢੰਡੋਰਾ ਦੇ ਕੇ ਮਨੁਖੀ ਜਾਮੇ ਨੂੰ ਸਫਲਾ ਕਰਦੇ ਨੇ "

ਬੀਬੀ ਜ਼ਬੀਦਾ ਖ਼ਾਨਮ ਦੇ ਹਿਰਦੇ ਵਿਚ ਆਪਣੇ ਪਤੀ ਦਾ ਹਦੋਂ ਵੱਧ ਸਤਕਾਰ ਸੀ । ਉਸ ਨੇ ਆਪਣੇ ਪਤੀ ਦੇ ਇਕ ਇਕ ਲਫ਼ਜ਼ ਨੂੰ ਬੜੇ ਗਹੁ ਨਾਲ ਸੁਣਿਆ। ਉਸ ਦੇ ਕੋਮਲ ਮਨ ਵਿਚ ਇਕ ਤਾਂਘ ਪੈਦਾ ਹੋਈ ਕਿ ਇਕ ਵੇਰਾਂ ਮੈਂ ਵੀ ਐਸੇ ਮਹਾਨ ਪੈਗੰਬਰ ਗੁਰੂ ਨਾਨਕ ਸਾਹਿਬ ਜੀ ਦੇ ਦਰਸ਼ਨ ਕਰਾਂ । ਇਹ ਤਾਂਘ ਦਿਨੋ ਦਿਨ ਵਧਣ ਲਗੀ । ਇਥੋਂ ਤਕ ਵਧੀ ਕਿ ਖਾਣਾ ਪੀਣਾ ਵੀ ਵਿਸਰ ਗਿਆ । ਕਮਲਿਆਂ ਵਾਲੀ ਹਾਲਤ ਹੋ ਗਈ । ਗੁਰਬਾਣੀ ਵਿਚ ਕਿਆ ਸੋਹਣਾ ਵਾਕ ਆਇਆ ਹੈ :—

ਜਿਨਾ ਪਿਰੀ ਪਿਆਰੁ, ਕਿਉ ਜੀਵਨਿ ਪਿਰ
ਬਾਹਰੇ ॥ ਜਾ ਸਹੁ ਦੇਖਨਿ ਆਪਣਾ, ਨਾਨਕ
ਥੀਵਨਿ ਭੀ ਹਰੇ॥੮॥[ਸਲੋਕ ਮ: ੪, ਪੰ: ੧੪੨੨

ਇਕ ਵਾਰੀ ਉਬਾਰੇ ਖ਼ਾਂ, ਗੁਰੂ ਸਾਹਿਬ ਦੇ ਦਰਸ਼ਨਾਂ ਲਈ ਫਿਰ ਤਿਆਰ ਹੋਇਆ ਤਾਂ ਜ਼ਬੀਦਾ



www.AKJ.Org

ਖ਼ਾਨਮ ਨੇ ਕਿਹਾ, "ਖ਼ਾਨ ਜੀ ! ਦਿਲ ਕਰਦਾ ਏ ਕਿ ਗੁਰੂ ਸਾਹਿਬ ਦੇ ਚਰਨਾਂ ਵਿਚ ਕੋਈ ਭੇਟਾ ਘਲਾਂ। ਹੋਰ ਤਾਂ ਕੁਝ ਦਿਸਦਾ ਨਹੀਂ, ਇਹ ਬਾਫ਼ਤਾ (ਜ਼ਰੀ ਦਾ ਕਪੜਾ) ਲੈ ਜਾਉ ਅਤੇ ਉਨ੍ਹਾਂ ਦੇ ਸਮਰਪਣ ਕਰ ਦਿਉ।"

ਉਬਾਰੇ ਖ਼ਾ—ਪ੍ਰਿਯ ! ਜੇ ਤੂੰ ਚਾਹੇਂ ਤਾਂ ਮੈਂ ਤੈਨੂੰ ਨਾਲ ਲੈ ਚਲਦਾ ਹਾਂ। ਤੂੰ ਆਪਣੇ ਹੱਥੀਂ ਉਨ੍ਹਾਂ ਦੇ ਚਰਨਾਂ ਵਿਚ ਭੇਟਾ ਧਰੀਂ ਤੇ ਨਾਲੇ ਦਰਸ਼ਨ ਕਰੀਂ।

ਜ਼ਬੀਦਾ ਖ਼ਾਨਮ—ਨਹੀਂ ਖ਼ਾਨ ਜੀ ! ਇਹ ਭੇਟਾ ਤੁਸੀਂ ਆਪ ਹੀ ਧਰੋ। ਮੈਂ ਇਕ ਇਮਤਿਹਾਨ ਵਿਚ ਪੈ ਗਈ ਹਾਂ। ਮੈਂ ਇਹ ਦੇਖਣਾ ਚਾਹੁੰਦੀ ਹਾਂ ਕਿ ਪਿਆਰ ਵਿਚ ਕਿਤਨੀ ਸ਼ਕਤੀ ਹੈ ? ਕੀ ਮੇਰਾ ਪਿਆਰ ਗੁਰੂ ਸਾਹਿਬ ਨੂੰ ਇਥੇ ਨਹੀਂ ਬੁਲਾ ਸਕਦਾ ? ਕੀ ਗੁਰੂ ਸਾਹਿਬ ਆਪਣੀ ਇਕ ਪੁੱਤਰੀ ਦੀ ਅਰ-ਜ਼ੋਈ ਨਹੀਂ ਸੁਣ ਸਕਦੇ ? ਮੇਰਾ ਵਿਸ਼ਵਾਸ ਏ ਕਿ ਗੁਰੂ ਸਾਹਿਬ ਇਥੇ ਜ਼ਰੂਰ ਆਉਣਗੇ ਅਤੇ ਘਰ ਵੀ ਪਵਿੱਤਰ ਹੋਏਗਾ।

ਇਹ ਸੁਣ ਕੇ ਉਬਾਰੇ ਖ਼ਾਂ ਹੈਰਾਨ ਰਹਿ ਗਿਆ ਅਤੇ ਆਪਣੀ ਬੀਵੀ ਨੂੰ ਧੰਨ ਧੰਨ ਕਹਿੰਦਾ ਹੋਇਆ ਬਾਫ਼ਤਾ ਲੈ ਕੇ ਕਰਤਾਰਪੁਰ ਚਲਾ ਗਿਆ। ਸ੍ਰੀ ਗੁਰੂ ਨਾਨਕ ਪ੍ਰਕਾਸ਼ ਵਿਚ ਲਿਖਿਆ ਹੋਇਆ ਹੈ:—

ਅਹੈ ਬਾਫ਼ਤਾ ਜੋ ਬਹੁ ਮੋਲਾ। ਗਮਨਯੋ
ਗੁਰ ਢਿਗ ਰਿਦੇ ਅਮੋਲਾ। ਜਾਇ ਅਗਾਰੀ
ਧਰਿ ਕੈ ਸੋਊ। ਹਾਥਨ ਬਿਖੈ ਗਹੇ ਪਗ
ਦੋਊ ॥੩੫॥ ਦੀਨ ਹੋਇ ਕਰਿ ਗ੍ਰੀਵ
ਨਿਵਾਈ। ਪਦ ਕੀ ਰਜ ਨਿਜ ਮਸਤਕ
ਲਾਈ। ਸਰਬ ਬਦਨ ਪਰ ਪੁਨ ਕਰ
ਫੇਰਤਿ । ਸਨਮੁਖਿ ਬੈਠਿ ਦਰਸ ਕੋ
ਹੇਰਤਿ ॥੩੬॥

[ਭਾਈ ਸੰਤੋਖ ਸਿੰਘ ਜੀ, ਉਤਰਾਰਧ ਅਧਯਾਯ ੪੧

ਗੁਰੂ ਸਾਹਿਬ ਨੇ ਕਿਹਾ—ਉਬਾਰੇ ਖ਼ਾਂ ! ਹੁਣ ਸਾਨੂੰ ਤੁਹਾਡੇ ਘਰ ਜ਼ਰੂਰ ਆਉਣਾ ਪਏਗਾ। ਤੇਰੀ ਬੀਵੀ ਦਾ ਪਿਆਰ ਬਹੁਤ ਉੱਚਾ ਤੇ ਸੁੱਚਾ ਏ। ਉਹ ਸਾਡੀ ਧਰਮ ਦੀ ਪੁੱਤਰੀ ਏ।

ਉਬਾਰੇ ਖ਼ਾਂ—ਗੁਰੂ ਜੀਉ ! ਤੁਸੀਂ ਅੰਤਰਜਾਮੀ ਹੋ। ਆਪ ਅਸਾਂ ਆਜਜ਼ਾਂ ਤੇ ਮਿਹਰਬਾਨੀ ਕਰੋ ਅਤੇ ਸਾਡੇ ਘਰ ਨੂੰ ਪਾਕ ਕਰੋ।

ਹੁਣ ਗੁਰੂ ਸਾਹਿਬ ਨੇ ਪਹਿਲਾਂ ਬਾਫ਼ਤਾ ਸਰੀਰ ਤੇ ਓੜਿਆ, ਫਿਰ ਉਬਾਰੇ ਖ਼ਾਂ ਨੂੰ ਨਾਲ ਲੈ ਕੇ ਉਸ ਦੇ ਪਿੰਡ ਵਲ ਚਲ ਪਏ ਅਤੇ ਜਾ ਪੁਜੇ ਉਸ ਥਾਂ ਜਿਥੇ ਉਡੀਕ ਰਹੀ ਸੀ ਬੀਬੀ ਜ਼ਬੀਦਾ ਖ਼ਾਨਮ। ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ ਜ਼ਬੀਦਾ ਖ਼ਾਨਮ ਰੰਗ-ਰਤੜੀ ਪਤੀ ਦੇ ਸਾਈਂ-ਯਾਦਾਂ ਨਾਲ ਮਖ਼ਮੂਰ ਨੈਣਾਂ ਦੇ ਰੰਗ ਵਿਚ ਰਤੜੀ—ਰਾਹ ਤਕ ਰਹੀ ਸੀ ਕਿ ਮੇਰਾ ਨਾਮ ਦਾ ਨਸ਼ਈ ਮਾਲਕ ਕਦੋਂ ਝੂਮਦਾ ਝਾਮਦਾ ਸੁਖ ਸੁਨੇਹੁੜੇ ਲੈ ਕੇ ਆਉਂਦਾ ਹੈ ਕਿ 'ਆਪ' ਜੀ ਦੇ ਕਦਮਾਂ ਦੀ ਮੇਰੇ ਵਟੇ ਤਿੱਲੇ ਤੇ ਫੇਰ ਰੇਸ਼ਮ ਦੇ ਨਿਰਜਿੰਦ ਬਾਫ਼ਤੇ ਨੂੰ 'ਚਰਨ-ਛੁਹ' ਪਰਾਪਤ ਹੋਈ ਕਿ ਨਾ। ਐਉਂ ਉਡੀਕਦੀ ਜ਼ਬੀਦਾ ਕੀ ਦੇਖਦੀ ਹੈ ਕਿ ਮੇਰੇ ਮਾਲਕ ਦੇ ਮਾਲਕ, ਮੇਰੇ ਸੁਹਣੇ ਦੇ ਸੁਹਣੇ, ਨੂਰਾਂ ਦੇ ਨੂਰ ਉਸ ਵਿਛਾਵਣਾ ਹੋਣ ਦੀ ਤ੍ਰਿਸ਼ਨਾ ਨਾਲ ਘਲੇ ਬਾਫ਼ਤੇ ਦਾ ਚਾਦਰਾ ਪਹਿਨੀ, ਉਸ ਦੀ ਨਿਮਾਣੀ ਢੋਕ ਵਿਚ ਆ ਵੜੇ ਹਨ। ਚੜ੍ਹ ਪਿਆ ਹੈ ਚੰਦਾਂ ਦਾ ਚੰਦ, ਸੂਰਾਂ ਦਾ ਸੂਰ, ਸੈਂਕੜੇ ਹਜ਼ਾਰਾਂ ਚੰਦਾਂ ਦੇ ਚਾਨਣੇ ਨੂੰ ਘੋਰ ਅੰਧਾਰ ਵੇਖ ਕੇ ਚਾਨਣ ਦੇਣ ਵਾਲਾ ਨੂਰ ਦਾ ਚੰਦ। ਹਾਂ, ਚੜ੍ਹ ਪਿਆ ਹੈ ਚੰਦ ! ਹਾਂ ਮੇਰੇ ਵੇਹੜੇ ਆ ਵੜਿਆ ਹੈ ਚੰਦਾਂ ਦਾ ਚੰਦ।

[ਸ੍ਰੀ ਗੁਰੂ ਨਾਨਕ ਚਮਤਕਾਰ—੨,ਪੰਨਾ ੨੭੩

ਗੁਰੂ ਸਾਹਿਬ, ਉਬਾਰੇ ਖ਼ਾਂ ਦੇ ਘਰ ਦੋ ਦਿਨ ਰਹੇ ਅਤੇ ਦੋਹਾਂ ਨੂੰ ਅਨੇਕਾਂ ਅਸੀਸਾਂ ਦਿੰਦੇ ਹੋਏ ਵਾਪਸ ਕਰਤਾਰਪੁਰ ਆ ਗਏ।

ਨੋਟ—ਸੋੜੀਆਂ ਪਿੰਡ ਵਿਚ ਗੁਰੂ ਨਾਨਕ ਦੇਵ ਜੀ ਦੇ ਨਾਮ ਦੀ ਇਕ ਬਾਉਲੀ ਪ੍ਰਸਿੱਧ ਹੈ ਪਰ ਇਹ ਪਤਾ ਨਹੀਂ ਲਗਦਾ ਕਿ ਇਹ ਬਾਉਲੀ ਕਿਵੇਂ ਵਜੂਦ ਵਿਚ ਆਈ ਸੀ? ਇਸ ਬਾਰੇ ਵਿਸ਼ੇਸ਼ ਖੋਜ ਕਰਨ ਦੀ ਲੋੜ ਹੈ। ਇਸ ਬਾਉਲੀ ਦਾ ਪਤਾ ਵੀ ਸੋਢੀ ਤੇਜਾ ਸਿੰਘ ਲਿਖਤ ਜੀਵਨ ਪ੍ਰਕਾਸ਼ ਸ੍ਰੀ ਗੁਰੂ ਨਾਨਕ ਦੇਵ ਜੀ ਵਿਚ ਪੰਨਾ ੧੪੮ ਤੇ ਹੈ।

----



www.AKJ.Org

# ਪੰਜਾਬ ਦੀ ਧਰਤੀ ਤੇ ਹਰੀ ਮੰਦਰ

[ ਵਲੋਂ :—ਗਿ: ਗੁਰਬਚਨ ਸਿੰਘ ਜੀ, ਮੈਨੇਜਰ ਤਖ਼ਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ ]

ਪੰਜਾਬ ਦੀ ਕਾਇਆ ਪਲਟਣ ਵਿਚ ਸਤਿਗੁਰਾਂ ਦਾ ਬਹੁਤ ਵੱਡਾ ਹਥ ਹੈ । ਸਤਿਗੁਰਾਂ ਨੇ ਪੰਜਾਬ ਨੂੰ ਬਹੁਤ ਸਾਰੀਆਂ ਦਾਤਾਂ ਬਖਸ਼ੀਆਂ । ਮਨ ਬਦਲਿਆ, ਵੀਚਾਰ ਬਦਲੇ, ਰਹਿਣ ਦੇ ਢੰਗ ਬਦਲੇ, ਖਾਣ ਪੀਣ ਦਾ ਤ੍ਰੀਕਾ ਉਲਟਾ ਦਿਤਾ । ਮੋਟਾ ਖਾਣਾ ਤੇ ਮੋਟਾ ਪਹਿਨਣਾ ਪੰਜਾਬ ਦੀਆਂ ਹਡੀਆਂ ਵਿਚ ਰਚ ਦਿਤਾ । ਨਿਤਨੇਮ ਕਰਨਾ, ਪੰਜਾਬ ਦੇ ਹਰ ਪ੍ਰਾਣੀ ਦੀ ਜ਼ਿੰਦਗੀ ਦਾ ਇਕ ਅੰਗ ਬਣ ਗਿਆ । ਹਲ ਵਾਹੁਣਾ, ਧਰਤੀ ਦੀ ਹਿਕ ਫੋਲਣੀ, ਅਨਾਜ ਬੀਜਣਾ, ਕਟਣਾ ਤੇ ਦਾਣਿਆਂ ਨਾਲ ਸਾਰੇ ਦੇਸ਼ ਦੇ ਭੜੋਲੇ ਭਰ ਦੇਣੇ ਪੰਜਾਬੀਆਂ ਦੀ ਇਕ ਆਦਤ ਬਣ ਗਈ । ਮੁਲਕ ਨੂੰ ਖ਼ੁਸ਼ਹਾਲ ਬਣਾਉਣ ਵਿਚ ਸਤਿਗੁਰਾਂ ਨੇ ਵਧ ਤੋਂ ਵਧ ਹਿਸਾ ਪਾਇਆ ।

ਤਲਵਾਰ ਨੂੰ ਕਿਲੀ ਨਾਲ ਨਹੀਂ ਟੰਗਿਆ, ਸਗੋਂ ਕਮਰ ਦੇ ਕਮਰਕਸੇ ਨਾਲ ਹੀ ਬੰਨ੍ਹ ਦਿਤਾ । ਹਰ ਵੇਲੇ ਪੰਜਾਬ ਦੀ ਤਲਵਾਰ ਸਾਥਣ ਬਣ ਗਈ । ਤਲਵਾਰ ਨੇ ਪੰਜਾਬੀਆਂ ਦਾ ਮਿਜ਼ਾਜ ਬਦਲ ਦਿਤਾ । ਗੋਸ਼ਾ ਤਲਵਾਰ ਨਾਲ ਲਥਦਾ । ਪੰਜਾਬੀ ਤਲਵਾਰ ਦੀ ਜ਼ਬਾਨ ਸਮਝਣ ਲਗ ਪਏ । ਪੰਜਾਬ ਦੀ ਖਲੜੀ ਵਿਚੋਂ ਡਰ ਕਢ ਦਿਤਾ । ਗਲ ਪੈ ਜਾਣਾ ਆਪਣੇ ਤੋਂ ਵੱਡਿਆਂ ਦੇ, ਜਿਨ੍ਹਾਂ ਨੇ ਫੋਕੀ ਧੌਂਸ ਜਮਾਈ ਹੋਈ ਸੀ, ਪਾਜ ਖੋਲ੍ਹ ਦਿਤੇ । ਖੋਖਲਾ ਕਰਕੇ ਰਖ ਦਿਤਾ ਹਕੂਮਤ ਦਾ ਸਾਰਾ ਅਡੰਬਰ । ਪੰਜਾਬ ਹੁਣ ਆਪਣੇ ਪੈਰਾਂ ਤੇ ਖਲੋ ਗਿਆ ਸੀ, ਘੁਰਕੀ ਮਾਰ ਕੇ ਹੁਣ ਕੋਈ ਪੰਜਾਬੀ ਨੂੰ ਡਰਾ ਨਹੀਂ ਸਕਦਾ । ਸਤਿਗੁਰਾਂ ਨੇ ਬੁਜ਼ਦਿਲਾਂ ਨੂੰ ਵੀਰਤਾ ਦੀ ਪਾਨ ਦੇ ਕੇ ਸੂਰਮਾ ਬਣਾ ਦਿਤਾ । ਸਿਖਾਂ ਨੇ ਸਤਿਗੁਰਾਂ ਦਾ ਜ਼ਿਆਦਾ ਅਸਰ ਕਬੂਲਿਆ ਤੇ ਹਿੰਦੂਆਂ ਨੇ ਉਨ੍ਹਾਂ ਤੋਂ ਘਟ, ਕਿਉਂਕਿ ਉਹ ਪੈਸੇ ਦੇ ਪੁਤ ਸਨ । ਹਿੰਦੂ ਸਿਖ ਸਮਝਣ ਲਗ ਪਏ ਕਿ ਪੰਜਾਬ ਸਾਡਾ ਏ ਤੇ ਅਸੀਂ ਪੰਜਾਬ ਦੇ ਹਾਂ । ਪੰਜਾਬ ਦੀ ਰਾਖੀ ਕਰਨੀ ਪੰਜਾਬੀਆਂ ਦਾ ਧਰਮ ਹੈ, ਈਮਾਨ ਹੈ। ਪੰਜਾਬੀਓ, ਪੰਜਾਬ ਨੂੰ ਆਪਣੇ ਕਲਾਵੇ ਵਿਚ ਲੈ ਲਵੋ ।

ਹਰੀਮੰਦਰ ਦੀ ਚਾਰ-ਦੀਵਾਰੀ ਵਿਚ ਤੁਹਾਡੀ ਕਾਮਯਾਬੀ ਲੁਕੀ ਹੋਈ ਹੈ । ਹਰ ਦਿਨ ਵਿਸਾਖੀ ਤੇ ਹਰ ਰਾਤ ਦੀਵਾਲੀ ਮਨਾਓ । ਰੋਜ਼ ਮਸਿਆ ਨਹਾਉ ਤੇ ਰਜ ਰਜ ਟੁਭੀਆਂ ਮਾਰੋ ਸਰੋਵਰ ਵਿਚ । ਮਨ ਦੀ ਸੁਧੀ ਤੇ ਹਿਰਦੇ ਦੀ ਪਵਿਤ੍ਰਤਾ ਵਾਸਤੇ ।

ਇਹ ਇਕ ਮਹਾਨ ਤੀਰਥ ਹੈ, ਜਿਸ ਨੂੰ ਗੁਰੂ ਨਾਨਕ ਦੇਵ ਜੀ ਦੀ ਚਰਨ-ਛੁਹ ਪ੍ਰਾਪਤ ਹੈ । ਗੁਰੂ ਅਮਰਦਾਸ ਜੀ ਦੀ ਆਗਿਆ ਨਾਲ ਗੁਰੂ ਰਾਮਦਾਸ ਜੀ ਨੇ ਇਕ ਥੇਹ ਪੁਟ ਕੇ ਇਕ ਸਰੋਵਰ ਬਣਾਇਆ ਤੇ ਦਾਤੇ ਦੇ ਮੁਖਾਰਬਿੰਦ ਤੋਂ ਨਿਕਲਿਆ ਸ਼ਬਦ 'ਅੰਮ੍ਰਿਤਸਰ' ਇਹਦਾ ਨਾਉਂ ਰਖਿਆ ਗਿਆ ।

"ਰਾਮਦਾਸ ਸਰੋਵਰ ਨਾਤੇ, ਸਭ ਉਤਰੇ ਪਾਪਕਮਾਤੇ।"

## ਇਹ ਪ੍ਰਗਟਿ ਕਿਵੇਂ ਹੋਇਆ ?

ਇਕ ਦਿਨ ਇਕ ਕੋਹੜੀ ਨੂੰ ਖਾਰੇ ਵਿਚ ਪਾ ਕੇ ਉਹਦੀ ਵਹੁਟੀ ਉਥੇ ਆ ਗਈ । ਤੇ ਉਸ ਬੀਬੀ ਨੇ ਬੇਰੀ ਦੀ ਛਾਵੇਂ ਛਪੜੀ ਦੇ ਲਾਗੇ ਉਹਨੂੰ ਰੱਖ ਦਿਤਾ ਤੇ ਆਪ ਭਿੱਛਿਆ ਮੰਗਣ ਨਵੇਂ ਪਿੰਡ 'ਗੁਰੂ ਕੇ ਚੱਕ' ਚਲੀ ਗਈ ।

ਕੁਦਰਤ ਦਾ ਭਾਣਾ, ਉਥੇ ਕਾਂ ਇਕੱਠੇ ਹੋ ਗਏ । ਉਨ੍ਹਾਂ ਕਾਵਾਂ ਰੌਲੀ ਪਾ ਦਿਤੀ । ਕੋਹੜੀ ਡਰ ਗਿਆ । ਉਹਨੂੰ ਡਰ ਸੀ ਕਿ ਕਾਵਾਂ ਨੇ ਠੂੰਗੇ ਮਾਰ ਮਾਰ ਉਹਦਾ ਮਾਸ ਖਾ ਲੈਣਾ ਹੈ । ਡਰਦੇ ਦੀ ਜਾਨ ਕੰਬਣ ਲਗ ਪਈ । ਕਾਵਾਂ ਨੇ ਉਹਨੂੰ ਕੁਝ ਨ ਆਖਿਆ, ਉਹ ਪਾਣੀ ਪੀਣ ਹੀ ਆਏ ਸਨ ਤੇ ਚੁਭੀਆਂ ਮਾਰ ਮਾਰ ਕੇ ਨਹਾਉਣ ਲਗ ਪਏ । ਦਾਤੇ ਦੀਆਂ ਮੇਹਰਾਂ ਹੋਈਆਂ, ਕਾਵਾਂ ਦਾ ਰੰਗ ਹੀ ਬਦਲ ਗਿਆ । ਕਾਇਆਂ-ਕਲਪ ਹੋਈ । ਇਹ ਵੇਖ ਕੋਹੜੀ ਭੀ ਰਿੜ੍ਹਦਾ-ਖਿੜ੍ਹਦਾ ਠੇਡੇ ਖਾਂਦਾ ਉਸ ਛਪੜੀ ਕੋਲ ਪੁਜ ਗਿਆ । ਕਾਵਾਂ ਤੋਂ ਹੁਸ਼ਿਆਰ ਹੋ ਉਸ ਭੀ ਚੁਭੀ ਮਾਰ ਲਈ। ਚੁਭੀ ਮਾਰਨ ਦੀ ਦੇਰ ਸੀ,



www.AKJ.Org

ਕੋਹੜ ਝੜ ਝੜ ਕੇ ਖਿਲਰ ਗਿਆ । ਦੇਹ ਕੁੰਦਨ ਬਣ ਗਈ । ਮਖਣ ਵਰਗਾ ਸਰੀਰ ਨਿਕਲ ਆਇਆ । ਨ ਕੋਹੜ ਰਿਹਾ ਨ ਬਿਮਾਰੀ । ਰਾਮ ਰਾਮ ਕਰਦਾ ਨਿਕਲ ਆਇਆ ਤੇ ਸਤਿਨਾਮ ਜਪਣ ਲਗਾ ।

ਬੀਬੀ ਮੰਗ ਕੇ ਮੁੜ ਆਈ, ਵੇਖਿਆ ਤਾਂ ਇਕ ਮਲਾਈ ਵਰਗਾ ਸੋਹਣਾ ਹੱਥ ਮੂੰਹ ਲਗਦਾ ਗਭਰੂ ਬੈਠਾ ਹੋਇਆ ਹੈ । ਵੇਖ ਕੇ ਹਸ ਪਿਆ, ਪਹਿਲਾਂ ਤਾਂ ਬੜਾ ਵਟ ਖਾਧਾ ਉਸ ਮੰਗਤੀ ਨੇ । ਪਰ ਫੇਰ ਹੌਸਲਾ ਕਰ ਕੇ ਅਗੇ ਵਧੀ ਤੇ ਆਖਣ ਲਗੀ—ਮੁਸ਼ਟੰਡਿਆ, ਸ਼ਰਮ ਨਹੀਂ ਔਂਦੀ ? ਘਰ ਮਾਂ ਭੈਣ ਨਹੀਓਂ ? ਕੋਹੜੀ ਨੇ ਫਿਰ ਮੁਸਕਰਾ ਕੇ ਆਖਿਆ, ਮੈਂ ਤੇਰਾ ਕੁਝ ਲਗਦਾ ਹਾਂ, ਅਜ ਬਣਿਆ ਹਾਂ ਅਸਲੀ ਮੋਤੀ । ਰੱਬ ਨੇ ਮੇਹਰ ਕੀਤੀ ਏ, ਮੇਰਾ ਕੋਹੜ ਚਲਾ ਗਿਆ ਹੈ । ਔ ਵੇਖ ਖਾਂ ਕਾਂ ! ਵੇਖਿਆ ਈ ਦੁੱਧ ਚਿਟੇ ਹੋ ਗਏ ਨੇ, ਜਿਦਾਂ ਕਿਸੇ ਨੇ ਖੁੰਭੇ ਚੜ੍ਹਾਇਆ ਹੋਵੇ । ਇਹ ਸਭ ਇਸ ਜਲ ਦੀਆਂ ਮੇਹਰਬਾਨੀਆਂ ਨੇ ।

ਬੀਬੀ ਬੋਲ ਪਈ, ਤੂੰ ਕੋਈ ਛਲੇਡਾ ਪਖੰਡੀ ਏਂ । ਛਲਾਵਾ ਏਂ, ਮੇਰਾ ਪਤੀ ਨਹੀਂ ਹੋ ਸਕਦਾ । ਉਹ ਤਾਂ ਕੋਹੜੀ ਸੀ ਤੇ ਮੈਂ ਉਹਨੂੰ ਹੁਣੇ ਕੋਹੜੀ ਛਡ ਕੇ ਗਈ ਸਾਂ । ਟਿਚਕਰਾਂ ਨਹੀਂ ਕਰੀਦੀਆਂ ਕਿਸੇ ਦੀ ਧੀ ਨੂੰ । ਜਾਹ ਤੇ ਆਪਣੇ ਰਾਹ ਪਉ । ਮੈਂ ਤੇਰੇ ਜਾਲ ਵਿਚ ਨਹੀਂ ਫਸਣ ਵਾਲੀ । ਸਾਊਆਂ ਦੀ ਧੀ ਹਾਂ ।

ਝਗੜਾ ਵਧ ਗਿਆ । ਗੱਲ ਸਤਿਗੁਰਾਂ ਤੀਕ ਪੁਜ ਗਈ, ਦੋਵੇਂ ਸਚੇ ਪਾਤਸ਼ਾਹ ਦੀ ਹਜ਼ੂਰੀ ਵਿਚ ਆਏ । ਸਾਰੀ ਵਾਰਦਾਤ ਸੁਣੀ । ਤਾੜੀ ਲਾਈ ਸਤਿਗੁਰਾਂ ਨੇ ਤੇ ਆਖਣ ਲਗੇ, ਬੀਬੀ ਇਹੋ ਤੇਰਾ ਪਤੀ ਏ, ਜਿਹੜਾ ਤੂੰ ਕੋਹੜੀ ਛਡ ਗਈ ਸੈਂ । ਇਸ ਸਰੋਵਰ ਚੋਂ ਇਸ਼ਨਾਨ ਕਰ ਕੇ ਇਹਦਾ ਕੋਹੜ ਜਾਂਦਾ ਰਿਹਾ ਹੈ ਤੇ ਇਹਦੀ ਦੇਹ ਕੁੰਦਨ ਬਣ ਗਈ ਏ । ਫਿਰ ਸਤਿਗੁਰਾਂ ਫੁਰਮਾਇਆ :—

ਹਰ ਕੋਈ ਜਿਹੜਾ ਇਸ ਸਰੋਵਰ ਵਿਚ ਸ਼ਰਧਾ ਭਾਵਨੀ ਸਹਿਤ ਇਸ਼ਨਾਨ ਕਰੇਗਾ ਉਹਦੇ ਦੁਖ-ਦਲਿਦਰ ਜਾਂਦੇ ਰਹਿਣਗੇ । ਇਹ ਹਰਿ ਕੀ ਪਉੜੀ, ਇਹ ਦੁਖ ਭੰਜਨੀ ਬੇਰੀ ਪਾਪ ਕਟੇਗੀ, ਰੋਗ ਜਾਣਗੇ, ਵੀਰਤਾ ਆਏਗੀ, ਮਨ ਸ਼ੁਧ ਹੋਵੇਗਾ । ਇਸ ਦਰਬਾਰ ਦੀ ਸੰਸਾਰ ਵਿਚ ਕੀਰਤੀ ਹੋਵੇਗੀ, ਉਪਮਾ ਹੋਵੇਗੀ, ਅਖੰਡ ਜੋਤ ਜਗੇਗੀ । ਇਹ ਸਰੋਵਰ ਬੜਾ ਸ਼ਕਤੀ-ਸ਼ਾਲੀ ਏ । ਹਰੀਮੰਦਰ ਵਿਚੋਂ ਹਰੀ ਕੀਰਤਨ ਦੀਆਂ ਧੁਨਾਂ ਨਿਕਲਣਗੀਆਂ । ਇਸ ਦੀਆਂ ਮਿਠੀਆਂ ਤੇ ਰਸ-ਭਰੀਆਂ ਆਵਾਜ਼ਾਂ ਨਾਲ ਪੰਜਾਬ ਦੇਵਤਿਆਂ ਦਾ, ਬਹਾਦਰਾਂ ਦਾ, ਸੰਤਾਂ ਤੇ ਸਤਿਸੰਗੀਆਂ ਦਾ ਬਣਿਆ ਰਹੇਗਾ । ਸਤਿਗੁਰਾਂ ਬੀਬੀ ਦੇ ਸਿਰ ਤੇ ਹੱਥ ਰਖ ਕੇ ਆਖਿਆ, ਜਾਵੋ ਸੁਖੀ ਵਸੋ ।

ਅੰਮ੍ਰਿਤਸਰ ਸਿਫ਼ਤੀ ਦਾ ਘਰ ਏ । ਅਜ ਭੀ ਇਹ ਅਨੰਦ ਸਾਗਰ ਏ । ਆਬੇ ਹਯਾਤ ਸਿਰਫ਼ ਸ੍ਰੀ ਅੰਮ੍ਰਿਤਸਰ ਹੀ ਏ । ਇਹ ਰੀੜ ਦੀ ਹਡੀ ਏ, ਪੰਜਾਬ ਦੀ । ਜਦ ਤਕ ਪੰਜਾਬੀਓ, ਇਹਦੇ ਤੇ ਵਿਸ਼ਵਾਸ ਰਖੋਗੇ, ਦੁਨੀਆ ਦੀ ਕੋਈ ਤਾਕਤ ਆਪ ਵਲ ਘੂਰ ਕੇ ਨ ਵੇਖ ਸਕੇਗੀ । ਇਸ਼ਨਾਨ ਕਰੋ, ਜਨਮ ਸਫਲਾ ਹੋਵੇਗਾ, ਰੱਬ ਬਰਕਤ ਪਾਊ, ਸਾਰੇ ਕੰਮ ਫ਼ਤਹ ਹੋਣਗੇ । ਇਹ ਬੈਕੁੰਠ ਧਾਮ ਹੈ ਤੇ ਮੁਕਤੀ ਦਾ ਘਰ ਹੈ ।

---

## ਖੇੜੀ ਸਲਾਬਤ ਪੁਰ [ਰੋਪੜ] ਵਿਖੇ ਰੈਣ-ਸਬਾਈ ਕੀਰਤਨ

ਭਾਈ ਨਿਧਾਨ ਸਿੰਘ ਬਚਨ ਸਿੰਘ ਇਤਲਾਹ ਦੇਂਦੇ ਹਨ ਕਿ ੧੩ ਦਸੰਬਰ ਸ਼ਨੀਵਾਰ ਦੀ ਰਾਤ ਨੂੰ ਉਪਰੋਕਤ ਨਗਰ ਵਿਖੇ ਰੈਣ-ਸਬਾਈ ਕੀਰਤਨ ਹੋ ਰਹੇ ਹਨ । ਇਲਾਕੇ ਦੀਆਂ ਸੰਗਤਾਂ ਪੁਜ ਕੇ ਲਾਹੇ ਪ੍ਰਾਪਤ ਕਰਨ । ਖੇੜੀ ਸਲਾਬਤ ਪੁਰ ਚਮਕੌਰ ਸਾਹਿਬ ਤੋਂ ਤਿੰਨ ਮੀਲ ਰੋਪੜ ਵਾਲੀ ਸੜਕ ਤੇ ਨਹਿਰ ਤੇ ਹੈ ।

---

ਉਤਮ ਨਗਰ ਨਵੀਂ ਦਿੱਲੀ ਗੁਰਦੁਆਰਾ ਸਿੰਘ ਸਭਾ ਵਿਖੇ ਅਖੰਡ ਕੀਰਤਨੀ ਜੱਥੇ ਵੱਲੋਂ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਤਿੰਨ ਸੌ ਸਾਲਾ ਸ਼ਹੀਦੀ ਯਾਦ ਸਬੰਧੀ ੨੪-੧੨-੭੫ ਨੂੰ ਰੈਣ-ਸਬਾਈ ਕੀਰਤਨ ਦੇ ਸਮਾਗਮ ਹੋ ਰਹੇ ਹਨ ।

ਸਮੂਹ ਸੰਗਤਾਂ ਪ੍ਰਵਾਰ ਸਮੇਤ ਦੀਦਾਰੇ ਬਖ਼ਸ਼ ਕੇ ਲਾਹੇ ਪ੍ਰਾਪਤ ਕਰਨ ਜੀ ।

www.AKJ.Org

# ਕੀਰਤਨ-ਸਮਾਗਮ ਸਮੇਂ ਪੰਜ ਆਦਰਸ਼ਕ ਅਨੰਦ ਕਾਰਜ

ਨਿਰੰਕਾਰੀ ਪਿਤਾ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸ਼ਵ ਗੁਰਪੁਰਬ ਅਖੰਡ ਕੀਰਤਨੀ ਜਥਿਆਂ ਵਲੋਂ ਜਲੰਧਰ ਸ਼ਹਿਰ ਵਿਖੇ ੧੬ ਤੋਂ ੧੯ ਨਵੰਬਰ ਤਕ ਬੜੇ ਚਾਆਂ ਤੇ ਉਤਸ਼ਾਹਾਂ ਵਿਚ ਮਨਾਏ ਗਏ। ਰੈਨ-ਸਬਾਈ ਦੇ ਅਖੰਡ ਕੀਰਤਨ ਚਲੂਲੇ ਰੰਗਾਂ ਵਿਚ ਸਾਰੀ ਰਾਤ ਅੰਮ੍ਰਿਤ-ਬਰਖਾ ਕਰਦੇ ਰਹੇ। ਰੈਨ-ਸਬਾਈ ਦੇ ਨਾਲ ਹੀ ਅੰਮ੍ਰਿਤ ਵੇਲੇ ਆਸਾ ਦੇ ਵਾਰ ਦੇ ਕੀਰਤਨ ਵਿਚ ਗੁਰੂ-ਆਗਮਨ ਦੀਆਂ ਵਧਾਈਆਂ ਗੁਰਸਿਖਾਂ ਦਿਆਂ ਮਨਾਂ ਨੂੰ ਖੇੜੇ ਵਿਚ ਵਿਗਸਾਂਦੀਆਂ ਰਹੀਆਂ।

ਆਸਾ ਦੀ ਵਾਰ ਦੇ ਕੀਰਤਨ ਦੇ ਉਪਰੰਤ ਸਵਾ ਸਤ ਦੇ ਕਰੀਬ ਗੁਰਸਿਖ ਪਰਵਾਰਾਂ ਵਲੋਂ ਪੰਜ ਜੋੜੀਆਂ ਦੇ ਗੁਰਮਤਿ ਅਨੰਦ ਕਾਰਜ, ਹਜ਼ਾਰਾਂ ਸੰਗਤਾਂ ਦੀ ਹਾਜ਼ਰੀ ਵਿਚ ਨਾਮ-ਬਾਣੀ ਦੀਆਂ ਗੂੰਜਾਂ ਵਿਚ ਰਚੇ ਗਏ। ਅਨੰਦ-ਵਿਵਾਹ ਦੇ ਅਰਦਾਸੇ ਵਿਚ ਸਮੂੰਹ ਸੰਗਤਾਂ ਨੇ ਖਲੋ ਕੇ ਗੁਰ-ਚਰਨਾਂ ਵਿਚ ਹੋ ਰਹੀਆਂ ਜੋਦੜੀਆਂ ਵਿਚ ਹਾਜ਼ਰੀਆਂ ਭਰੀਆਂ। "ਪਲੈ ਤੈਡੈ ਲਾਗੀ" ਉਪਰੰਤ ਲਾਵਾਂ ਸਮੇਂ ਦਾ ਪਿਆਰ ਭਰਿਆ ਨਜ਼ਾਰਾ ਅਪਾਰ ਅਨੂਪ ਸੀ, ਗੁਰਮੁਖ ਸੰਤ ਜਨਾਂ ਨੇ ਅਨਕ ਤਰੰਗੀ ਰੰਗਾਂ ਵਿਚ ਲਾਵਾਂ ਦੇ ਕੀਰਤਨ ਕੀਤੇ। ਉਪਰੰਤ ਗੁਰਮੁਖ ਸਖੀਆਂ ਨੇ ਬੱਚਿਆਂ ਬੱਚੀਆਂ ਨੂੰ "ਪੂਤਾ ਮਾਤਾ ਕੀ ਅਸੀਸ" ਦੀਆਂ ਦਾਤਾਂ ਵੰਡਦਿਆਂ ਸਤਿਗੁਰਾਂ ਦੇ ਫ਼ੁਰਮਾਨ ਉਚੀਆਂ ਧੁਨਾਂ ਵਿਚ ਅਲਾਪ ਅਲਾਪ ਕੇ ਦ੍ਰਿੜ੍ਹ ਕਰਵਾਏ—

ਨਿਮਖ ਨ ਬਿਸਰਉ ਤੁਮ ਕਉ ਹਰਿ ਹਰਿ,
ਸਦਾ ਭਜਹੁ ਜਗਦੀਸ ॥ ਅਤੇ
ਸਤਿਗੁਰੁ ਤੁਮ ਕਉ ਹੋਇ ਦਇਆਲਾ, ਸੰਤ
ਸੰਗਿ ਤੇਰੀ ਪ੍ਰੀਤਿ ॥

"ਭੋਜਨ ਕੀਰਤਨੁ ਨੀਤਿ" ਅਤੇ "ਅਮ੍ਰਿਤੁ ਪੀਵਹੁ ਸਦਾ ਚਿਰ ਜੀਵਹੁ" ਦੀਆਂ ਅਸੀਸਾਂ ਸਮੂੰਹ ਸੰਗਤਾਂ ਨੇ ਮਿਲ ਕੇ ਅਨੰਦਤ ਹੋ ਰਹੇ ਬੱਚਿਆਂ ਨੂੰ ਬਖ਼ਸ਼ੀਆਂ।

ਅਸੀਸਾਂ ਦੇ ਕੇ ਹਰੀ-ਨਾਮ ਦਾ ਦਾਜ ਕੀਰਤਨੀ ਵੀਰਾਂ ਨੇ ਸਮੂੰਹ ਸੰਗਤਾਂ ਦੀ ਹਜ਼ੂਰੀ ਵਿਚ ਬੱਚੀਆਂ ਨੂੰ ਅਰਸ਼ੀ ਢਾਡੀ ਤੋਂ ਮੰਗਣ ਦੀ ਜੋਦੜੀ ਕੀਤੀ—

ਹਰਿ ਪ੍ਰਭ ਮੇਰੇ ਬਾਬੁਲਾ,
ਹਰਿ ਦੇਵਹੁ ਦਾਨੁ ਮੈ ਦਾਜੋ ॥

'ਮੇਰੇ ਬਾਬੁਲਾ', 'ਮੇਰੇ ਬਾਬੁਲਾ', 'ਮੇਰੇ ਬਾਬੁਲਾ' ਦੀ ਪਿਆਰ ਭਰੀ ਸੱਦ ਵਿਚ ਜੋਦੜੀ ਰੂਪ ਵਿਚ ਹਰੀ-ਨਾਮ-ਦਾਜ ਦੀਆਂ ਦਾਤਾਂ ਨਾਲ ਝੋਲੀਆਂ ਭਰਦਿਆਂ ਮਨਮੁਖ ਦਾਜਾਂ ਦੇ ਦਿਖਲਾਵਾ ਕਰਨਹਾਰਿਆਂ ਨੂੰ ਸਤਿਗੁਰੂ ਦੇ ਬਚਨ ਸੁਣਾਏ ਕਿ ਇਹ ਕੂੜਾ ਅਹੰਕਾਰ ਤੇ ਪਾਜ ਦਿਖਲਾਵਾ ਹੈ—

ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ,
ਸੋ ਕੂੜੁ ਅਹੰਕਾਰੁ ਕਚੁ ਪਾਜੋ ॥

ਇਉਂ ਹਰੀ-ਨਾਮ ਦੀ ਦਿਤ ਦੀ ਜਾਚਨਾ ਕਰਦਿਆਂ ਸਤਿਗੁਰਾਂ ਤੋਂ ਇਹ ਦਾਨ ਪ੍ਰਾਪਤ ਕਰ ਕੇ ਕੀਰਤਨੀ ਸਿੰਘਾਂ ਨੇ ਗਾਵਿਆ—

ਖੰਡਿ ਵਰਭੰਡਿ ਹਰਿ ਸੋਭਾ ਹੋਈ,
ਇਹੁ ਦਾਨੁ ਨ ਰਲੈ ਰਲਾਇਆ ॥

ਇਉਂ ਨਾਮ-ਖ਼ਜ਼ਾਨਾ ਪਾ ਕੇ ਸਮੂੰਹ ਸਤਸੰਗੀ ਸਖੀਆਂ ਨੇ ਖ਼ੁਸ਼ੀਆਂ ਖੇੜਿਆਂ ਵਿਚ ਸਭ ਨੂੰ ਵਿਗਸਦਿਆਂ ਪੇਖ ਪੇਖ ਕੇ ਗਾਵਿਆ—

ਸਰਸਿਅੜੇ ਸਰਸਿਅੜੇ ਮੇਰੇ ਭਾਈ ਸਭ ਮੀਤਾ
ਰਾਮ ॥ ਬਿਖਮੋ ਬਿਖਮ ਅਖਾੜਾ ਮੈ ਗੁਰ
ਮਿਲਿ ਜੀਤਾ ਰਾਮ ॥ ਗੁਰ ਮਿਲਿ ਜੀਤਾ
ਹਰਿ ਹਰਿ ਕੀਤਾ..... ......

"ਹਰਿ ਹਰਿ ਕੀਤਾ" "ਹਰਿ ਹਰਿ ਕੀਤਾ" 'ਵਾਹਿਗੁਰੂ' 'ਵਾਹਿਗੁਰੂ' 'ਵਾਹਿਗੁਰੂ' 'ਵਾਹਿਗੁਰੂ' 'ਵਾਹਿਗੁਰੂ' ਦੀਆਂ ਗੂੰਜਾਂ ਵਿਚ ਅਨੰਦ ਕਾਰਜਾਂ ਦੀ ਸਮਾਪਤੀ ਹੋਈ।

... ... ...

ਇਕ ਪਾਸੇ ਇਹ ਗੁਰਮਤਿ ਆਦਰਸ਼ਕ ਅਨੰਦ ਵਿਆਹ ਹੈ ਤੇ ਦੂਜੇ ਪਾਸੇ ਅਖੌਤੀ ਅਨੰਦ ਵਿਆਹ ਹੁੰਦੇ ਵਖੇ ਜਾਂਦੇ ਹਨ ਜਿਨ੍ਹਾਂ ਵਿਚ ਵਾਜੇ ਗਾਜੇ ਢੋਲ ਢਮਕੇ, ਨੌਜਵਾਨ ਬੱਚਿਆਂ ਬੱਚੀਆਂ ਦਾ ਨਿਰਲਜ ਹੋ ਕੇ ਬਜ਼ਾਰਾਂ ਗਲੀਆਂ ਵਿਚ ਭੰਗੜੇ ਪਾਣਾ, ਅਬਾ

[ਬਾਕੀ ਸਫ਼ਾ ੩੯ ਦੇ ਹੇਠ



www.AKJ.Org

# ਜ਼ੁਲਮ ਨਾਲ ਟੱਕਰ

[ਵਲੋਂ—ਸ: ਤਰਲੋਚਨ ਸਿੰਘ ਜੀ, ਗਾਂਧੀ ਨਗਰ, ਦਿਲੀ—੩੧]

'ਗੁਰੂ ਨਾਨਕ' ਰੂਪ ਵਿਚ ਧੁਰ ਤੋਂ ਆਈ
'ਅਕਾਲੀ ਜੋਤਿ' ਦਾ ਨਾਵਾਂ ਵਾਰਸ—ਤੇਗ ਬਹਾਦੁਰ
ਬੈਠਾ ਦਿਲੀ ਚਾਂਦਨੀ ਚੌਕ ਵਿਚ
ਟਕਰਾਉਣ ਲਈ ਕਿਸੇ ਹੋਰ ਤੇਗ ਨਾਲ
ਤੇ ਪਾਉਣ ਲਈ ਉਸ ਉਤੇ ਸਦੀਵੀ ਜਿਤ।
ਤੇਗ—ਜ਼ੁਲਮ,-ਜਬਰ, ਧਕੇ ਤੇ ਅਨਿਆਂ ਦੀ
ਆਪਣੇ ਹੰਕਾਰ ਵਿਚ—ਆ ਟਕਰਾਈ,
ਧਰਮ ਦੀ, ਤਿਆਗ ਦੀ,
ਪਰਉਪਕਾਰ ਦੀ ਇਸ 'ਤੇਗ' ਨਾਲ
ਤੇ ਟਕਰਾ ਕੇ ਕਰ ਗਈ ਸ਼ਹੀਦ
'ਤੇਗ ਬਹਾਦਰ' ਨੂੰ;
ਪਰ ਹੋ ਗਈ ਖੁੰਢੀ ਬੇਕਾਰ!
ਫਿਰ ਜਦੋਂ
ਧਰਮ ਦੀ 'ਤੇਗ'
ਨਿਕਲੀ ਮਿਆਨ ਵਿਚੋਂ
ਤੇ ਟਕਰਾਈ ਜ਼ੁਲਮ ਦੀ ਤੇਗ ਨਾਲ
ਰਣ ਦੇ ਮੈਦਾਨ ਵਿਚ
ਤਾਂ ਉਸ ਵਿਚ ਇਤਨਾ ਬਲ ਸੀ ਕਿ
ਇਕੱਲਾ ਹੀ ਸਿੰਘ ਲੜਦਾ ਰਿਹਾ ਸਵਾ ਸਵਾ ਲਖ ਨਾਲ
ਤੇ ਜ਼ੁਲਮ ਨੂੰ ਪਾਂਦਾ ਰਿਹਾ ਭਾਜੜਾਂ
ਅਕਾਲ ਦੀ ਫ਼ਤਿਹ ਦੇ ਜੈਕਾਰਿਆਂ ਨਾਲ
ਧਰਮ ਦੀ 'ਤੇਗ' ਫਿਰ ਚਲਦੀ ਰਹੀ
ਤੇ ਲੜਨ ਵਾਲੇ ਸੂਰਬੀਰ ਨਿਕਲਦੇ ਰਹੇ ਮੈਦਾਨ ਵਿਚ
ਜ਼ੁਲਮ ਨਾਲ ਟਕਰਾਣ ਲਈ
ਸ਼ਹੀਦੀਆਂ ਦਾ ਇਹ ਲੰਮਾ ਇਤਿਹਾਸ ਏ!
ਧਰਮ ਦੀ ਇਹ 'ਤੇਗ' ਫਿਰ
ਉਦੋਂ ਹੀ ਪਈ ਮਿਆਨ ਵਿਚ
ਜਦ ਜ਼ੁਲਮ ਦਾ ਹੋਇਆ ਅੰਤ
ਆਜ਼ਾਦੀ ਦਾ ਸੂਰਜ ਚੜ੍ਹਿਆ
ਪੰਜਾਬ ਵਿਚ ਪੰਜਾਬੀਆਂ ਦਾ ਹੋਇਆ ਆਪਣਾ ਰਾਜ
ਓਦੋਂ ਪੰਜਾਬ ਆਜ਼ਾਦ ਸੀ
ਉਦੋਂ ਪੰਜਾਬ ਖੁਸ਼ਹਾਲ ਸੀ।

---

ਤਬਾ ਬੋਲਣਾ, ਚਾਹ ਪਾਰਟੀਆਂ ਦੇ ਅਡੰਬਰ ਅਤੇ ਹੋਰ ਕਿੰਨਾ ਕੁਝ ਕੂੜ ਕਬਾੜਾ ਤੇ ਹਉਮੈ ਦਾ ਪਸਾਰਾ ਪਸਰਿਆ ਹੁੰਦਾ ਹੈ। ਪੰਡਾਲ ਵਿਚ ਰਾਗੀ ਸਿੰਘ ਇਕੱਲੇ ਹੀ ਬਾਣੀ ਪੜ੍ਹੀ ਸੁਣੀ ਜਾਂਦੇ ਹਨ, ਘਰ ਦੇ ਸਭ ਜੀਆ ਜੰਤ ਰੌਲੇ ਗੌਲੇ ਵਿਚ ਨਸੇ ਭਜੇ ਫਿਰਦੇ ਅਤੇ ਚਾਹ ਪੀਣੀ ਪੀਂਦੇ ਪਿਆਂਦੇ ਫਿਰਦੇ ਹਨ। ਸੂਰਜ ਸਿਖਰ ਆਉਣ ਤੇ ਰਸਮੀ ਤੌਰ ਤੇ ਗੁਰੂ ਮਹਾਰਾਜ ਦੇ ਆਲੇ ਦੁਆਲੇ ਜਾਂਦੀ ਮਾਂਦੀ ਆ ਇਕੱਠੇ ਹੁੰਦੇ ਹਨ ਅਤੇ ਲਾਵਾਂ ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਕਿਸੇ ਨੂੰ ਬਾਣੀ ਦਾ ਅਨੰਦ ਲੈਣ, ਬਾਣੀ ਦੇ ਹੁਕਮ ਸੁਣਨ ਸਮਝਣ ਦੀ ਵਿਹਲ ਹੀ ਨਹੀਂ ਹੁੰਦੀ, ਬਸ ਦਿਖਲਾਵਾ ਹੀ ਦਿਖਲਾਵਾ, ਰੌਲਾ ਗੌਲਾ, ਹਾਰ ਸ਼ਿੰਗਾਰ ਤੇ ਭੜਕੀਲੇ ਕਪੜਿਆਂ ਦੀਆਂ ਨੁਮਾਇਸ਼ਾਂ ਹੋ ਰਹੀਆਂ ਹੁੰਦੀਆਂ ਹਨ। ਜਾਂ ਫਿਰ ਲਾੜੇ ਲਾੜੀ ਨੂੰ ਫੁਲ ਸੁਟ ਸੁਟ ਕੇ ਮਖੌਲ ਉਡਾਇਆ ਜਾ ਰਿਹਾ ਹੁੰਦਾ ਹੈ ਜਾਂ ਉਨ੍ਹਾਂ ਦੇ ਗਲਾਂ ਵਿਚ ਭਾਂਤੋ ਭਾਂਤੀ ਸਿਹਰੇ ਪਾ ਕੇ ਸਿਰ-ਵਾਰਨੇ ਕੀਤੇ ਜਾ ਰਹੇ ਹੁੰਦੇ ਹਨ ਅਤੇ ਗੁਰੂ ਮਹਾਰਾਜ ਦਾ ਸਤਿਕਾਰ ਭੁਲ ਕੇ ਨਿਰੀ ਮਨਮਤ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੁੰਦਾ ਹੈ। ਤੇ ਅੰਤ ਵਿਚ ਸਤਿਗੁਰੂ ਪਾਤਸ਼ਾਹ ਦੇ ਹਜ਼ੂਰ ਅਰਦਾਸ ਕੀਤੀ ਜਾਂਦੀ ਹੈ, "ਆਪ ਦੀ ਹਜ਼ੂਰੀ ਵਿਚ ਪੂਰਨ ਗੁਰਮਤਿ ਅਨੁਸਾਰ ਅਨੰਦ ਕਾਰਜ ਹੋਏ ਹਨ।" ਇਹ ਸਭ ਕੁਝ ਆਪਣੇ ਆਪ ਨੂੰ ਧੋਖਾ ਦੇਣਾ ਹੈ, ਸਤਿਗੁਰੂ ਹਰਿ ਕਰਤਾ ਪੁਰਖ ਸਭ ਕੁਝ ਜਾਣਦਾ ਹੈ।

ਸਾਨੂੰ ਇਸ ਪਾਜ ਦਿਖਲਾਵਿਆਂ ਦੇ ਚਿਕੜ ਤੋਂ ਬਚ ਕੇ, ਬੇਹਿਸਾਬੀ ਮਾਇਆ ਨੂੰ ਭੰਗ ਦੇ ਭਾੜੇ ਰੋੜ੍ਹਨ ਤੋਂ ਬਚਣਾ ਚਾਹੀਦਾ ਹੈ ਅਤੇ ਗੁਰਮਤਿ ਅਖੰਡ ਕੀਰਤਨੀ ਸਮਾਗਮਾਂ ਵਿਚ ਬੱਚਿਆਂ ਬੱਚੀਆਂ ਨੂੰ ਲਿਜਾ ਕੇ, ਸਹੀ ਅਰਥਾਂ ਵਿਚ ਗੁਰਮਤਿ ਮਰਯਾਦਾ ਵਾਲੇ ਆਦਰਸ਼ਕ ਅਨੰਦ ਕਾਰਜ, ਬਿਲਕੁਲ ਸਧਾਰਨ ਤੇ ਸਾਦਾ ਤਰੀਕੇ ਨਾਲ ਗੁਰੂ ਅਤੇ ਗੁਰ-ਸੰਗਤਾਂ ਦੀਆਂ ਖੁਸ਼ੀਆਂ ਅਤੇ ਅਸੀਸਾਂ ਲੈਂਦੇ ਹੋਏ ਕਰਨੇ ਕਰਾਣੇ ਹੀ ਸ਼ੋਭਦੇ ਹਨ, ਤਾਂ ਹੀ ਅਸੀਂ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰ ਕੇ ਆਪਣਾ ਲੋਕ ਪਰਲੋਕ ਸਵਾਰ ਸਕਦੇ ਹਾਂ।

www.AKJ.Org

# ਸ਼੍ਰੋਮਣੀ ਕਮੇਟੀ ਵਲੋਂ ਨਾਟਕਾਂ ਚੇਟਕਾਂ ਦੀ ਨਿਖੇਧੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵਲੋਂ ਬੜੇ ਦੁਖ ਨਾਲ ਇਹ ਪ੍ਰਗਟ ਕੀਤਾ ਜਾਂਦਾ ਹੈ ਕਿ ਕੁਝ ਵਿਅਕਤੀਆਂ ਵਲੋਂ ਨਾਟਕ "ਬਾਂਹ ਜਿਨਾਂ ਦੀ ਪਕੜੀਐ" ਸ੍ਰੀ ਗੁਰੂ ਤਗ ਬਹਾਦਰ ਸਾਹਿਬ ਜੀ ਮਹਾਰਾਜ ਦੀ ਸ਼ਹੀਦੀ ਦੇ ਸੰਬੰਧ ਵਿਚ ਖੇਲਿਆ ਜਾ ਰਿਹਾ ਹੈ। ਇਸ ਨਾਟਕ ਵਿਚ ਭਾਈ ਜੈਤਾ ਜੀ ਅਤੇ ਹੋਰ ਇਤਿਹਾਸਕ ਵਿਅਕਤੀਆਂ ਦੇ ਪਾਰਟ ਅਦਾ ਕੀਤੇ ਜਾ ਰਹੇ ਹਨ, ਜੋ ਕਦਾਚਿਤ ਉਚਿਤ ਨਹੀਂ। ਸ਼੍ਰੋਮਣੀ ਕਮੇਟੀ ਦੀ ਧਾਰਮਿਕ ਸਲਾਹ-ਕਾਰ ਕਮੇਟੀ ਦਾ ਇਹ ਫ਼ੈਸਲਾ ਹੈ ਕਿ ਗੁਰੂ ਸਾਹਿਬਾਨ, ਸਾਹਿਬਜ਼ਾਦੇ, ਗੁਰੂ ਸਾਹਿਬਾਨ ਦੇ ਪਰਵਾਰ, ਸਿੱਖ ਸ਼ਹੀਦ ਅਤੇ ਪੁਰਾਤਨ ਇਤਿਹਾਸਕ ਵਿਅਕੀਆਂ ਦੀ ਕਿਸੇ ਸੂਰਤ ਵਿਚ ਵੀ ਸਟੇਜ ਉਤੇ ਨਕਲ ਨਾ ਲਾਹੀ ਜਾਵੇ। ਇਸ ਕਰਕੇ ਕਮੇਟੀ ਪੁਰਜ਼ੋਰ ਸਬਦਾਂ ਵਿਚ ਸਿੱਖੀ ਅਸੂਲਾਂ ਵਿਰੁਧ ਕੀਤੀ ਜਾ ਰਹੀ ਇਸ ਅਵਗਿਆ ਦੀ ਨਿਖੇਧੀ ਕਰਦੀ ਹੈ ਅਤੇ ਸੰਗਤਾਂ ਦੀ ਸੇਵਾ ਵਿਚ ਅਪੀਲ ਕਰਦੀ ਹੈ ਕਿ ਜਿਥੇ ਵੀ ਅਜਿਹੇ ਡਰਾਮੇ ਨੂੰ ਹੁੰਦਾ ਵੇਖਣ, ਖਿਸ ਵਿਰੁਧ ਜ਼ੋਰਦਾਰ ਪ੍ਰੋਟੈਸਟ ਕਰਨ ਅਤੇ ਕਿਸੇ ਸੂਰਤ ਵਿਚ ਇਤਿਹਾਸਕ ਵਿਅਕਤੀਆਂ ਦਾ ਪਾਰਟ ਅਦਾ ਕਰਨ ਦੀ ਆਗਿਆ ਨਾ ਦੇਣ। ਨਾਲ ਹੀ ਅਸੀਂ ਕਮੇਟੀ ਵਲੋਂ ਅਜਿਹੇ ਡਰਾਮੇ ਖੇਡਣ ਵਾਲਿਆਂ ਨੂੰ ਸਪਸ਼ਟ ਤੌਰ ਤੇ ਸੂਚਤ ਕਰਦੇ ਹਾਂ ਕਿ ਉਹ ਤੁਰਤ ਹੀ ਅਜਿਹੇ ਡਰਾਮੇ ਖੇਡਣੇ ਬੰਦ ਕਰ ਦੇਣ ਅਤੇ ਸਿੱਖ ਸੰਗਤਾਂ ਦੇ ਜਜ਼ਬਾਤਾਂ ਨੂੰ ਠੇਸ ਪਹੁੰਚਾਣ ਦਾ ਕੋਈ ਯਤਨ ਨਾ ਕਰਨ।

ਮੀਤ ਸਕੱਤਰ,ਧਰਮ ਪ੍ਰਚਾਰ ਕਮੇਟੀ,ਸ਼੍ਰੋ: ਗੁ: ਪ੍ਰ: ਕਮੇਟੀ

**ਸੰਪਾਦਕੀ ਨੋਟ :—**

ਉਪਰੋਕਤ ਪ੍ਰੈਸ ਨੋਟ ਸ਼੍ਰੋਮਣੀ ਕਮੇਟੀ ਵਲੋਂ 'ਸੂਰਾ' ਮਾਸਕ ਪੱਤਰ ਵਿਚ ਛਾਪਣ ਲਈ ਪੁਜਾ ਹੈ। ਸਾਨੂੰ ਖੁਸ਼ੀ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਵੀ ਹੋਸ਼ ਆਈ ਹੈ ਕਿ ਇਹ ਨਾਟਕ ਚੇਟਕ ਸਿਖੀ ਰਹੁ-ਰੀਤ ਦੇ ਵਿਰੁੱਧ ਹਨ। ਜਿਥੇ ਸਾਨੂੰ ਇਸ ਪ੍ਰੋਟੈਸਟ ਨਾਲ ਖੁਸ਼ੀ ਹੋਈ ਹੈ ਉਥੇ ਇਸ ਗੱਲ ਦਾ ਅਫ਼ਸੋਸ ਵੀ ਹੈ ਕਿ ਸ਼੍ਰੋਮਣੀ ਕਮੇਟੀ ਵਲੋਂ ਫ਼ਿਲਮਾਂ ਬਣਾਉਣ ਦੀਆਂ ਦਿਤੀਆਂ ਗਈਆਂ ਖੁਲ੍ਹਾਂ ਦਾ ਹੀ ਇਹ ਪ੍ਰਤੀਕਰਮ ਹੈ ਕਿ ਲੋਕੀ ਜੋ ਜੀਅ ਆਏ, ਸਿਖ ਅਸੂਲਾਂ ਦੀ ਪਰਵਾਹ ਨਾ ਕਰਦੇ ਹੋਏ ਊਤ-ਪਟਾਂਗ ਤੇ ਨਾਟਕੀ ਚੇਟਕੀ ਸਵਾਂਗ ਰਚ ਰਹੇ ਹਨ, ਜੋ ਕਿ ਚੰਚਲਤਾਈ ਵਰਤਾ ਕੇ ਮਨੁੱਖੀ ਰੁਚੀਆਂ ਨੂੰ ਵਿਗਾੜ ਰਹੇ ਹਨ ਅਤੇ ਸਿੱਖੀ ਦਾ ਕੁਝ ਸੰਵਾਰਨ ਦੇ ਪਰਦੇ ਹੇਠ, ਸਿਖੀ ਤੋਂ ਦੂਰ ਲਿਜਾ ਰਹੇ ਹਨ। ਨਾਟਕਾਂ ਚੇਟਕਾਂ ਤੇ ਫਿਲਮੀ ਪਰਚਾਰਾਂ ਨਾਲ ਮਨ-ਪਰਚਾਵੇ ਤਾਂ ਕੀਤੇ ਜਾ ਸਕਦੇ ਹਨ ਅਤੇ ਭੀੜਾਂ ਭੀ ਇਕੱਠੀਆਂ ਕੀਤੀਆਂ ਜਾ ਸਕਦੀਆਂ ਹਨ, ਪਰ ਸਿੱਖੀ ਜੀਵਨ ਨਹੀਂ ਪੈਦਾ ਕੀਤਾ ਜਾ ਸਕਦਾ, ਸਿੱਖੀ ਆਚਰਨ ਨਹੀਂ ਉਚਾ ਕੀਤਾ ਜਾ ਸਕਦਾ, ਭੈ-ਭਾਵਨੀ ਤੇ ਸ਼ਰਧਾ ਨਹੀਂ ਉਪਜਾਈ ਜਾ ਸਕਦੀ, ਜਿਹੜੀ ਕਿ ਸਿਖੀ ਦਾ ਮੂਲ ਮੁਢ ਹੈ। ਅਜਿਹੇ ਪ੍ਰੋਗਰਾਮ ਫੋਕੀ ਤਮਾਸ਼ਬੀਨੀ ਹੀ ਤਮਾਸ਼ਬੀਨੀ ਹੈ।

ਉਹ ਭੁਲਾ ਨਾ ਜਾਣੀਏ ਜੋ ਸ਼ਾਮੀਂ ਘਰ ਆ ਜਾਵੇ। ਜੇ ਸ਼੍ਰੋਮਣੀ ਕਮੇਟੀ ਅਜੇ ਵੀ ਪੂਰੀ ਸਾਵਧਾਨਤਾ ਤੋਂ ਕੰਮ ਲਵੇ ਤਾਂ ਇਹ ਵਿਗੜੀ ਸੁਧਰ ਸਕਦੀ ਹੈ। ਇਸ ਪ੍ਰਥਾਇ ਅਸੀਂ ਅਗੇ ਕਈ ਲੇਖ ਇਸ ਪਰਚੇ ਵਿਚ ਦੇ ਚੁਕੇ ਹਾਂ ਕਿ ਸਾਡੀਆਂ ਪੰਥਕ ਸੰਸਥਾਵਾਂ ਸੰਕਲਣ ਅਤੇ ਆਪਣੀ ਜ਼ਿਮੇਵਾਰੀ ਠੀਕ ਤਰ੍ਹਾਂ ਨਿਭਾ ਕੇ ਪੰਥ ਨੂੰ ਸਹੀ ਤੌਰ ਤੇ ਗੁਰਮਤਿ ਸੇਧ ਦੇਣ। ਕੀ ਸਾਡੀ ਇਸ ਪੁਕਾਰ ਵਲ ਕੋਈ ਧਿਆਨ ਦੇਵੇਗਾ ?

---

**ਪਾਠਕਾਂ ਨੂੰ ਬੇਨਤੀ** ਕਈ ਵਾਰ ਬੇਨਤੀ ਕੀਤੀ ਜਾ ਚੁਕੀ ਹੈ ਕਿ ਅਸੀਂ ਸਾਰੇ ਪਾਠਕਾਂ ਨੂੰ ਹਰ ਮਹੀਨੇ ਦੀ ਪਹਿਲੀ ਤਰੀਕ ਨੂੰ ਪਰਚੇ ਡਾਕੇ ਪਾ ਦਿੰਦੇ ਹਾਂ। ਜਿਸ ਕਿਸੇ ਪਾਠਕ ਨੂੰ ਪਰਚਾ ਨਹੀਂ ਪਹੁੰਚਦਾ ਹੈ ਉਹ ਯਕੀਨੀ ਤੌਰ ਤੇ ਡਾਕ ਵਿਚ ਹੀ ਕਿਤੇ ਗੁੰਮ ਹੋ ਜਾਂਦਾ ਹੈ। ਅਜਿਹੇ ਪਾਠਕ ਕਾਰਡ ਲਿਖ ਕੇ ਉਸੇ ਮਹੀਨੇ ਦੀ ੧੫ ਤਰੀਕ ਤਕ ਦੁਬਾਰਾ ਮੰਗਾ ਸਕਦੇ ਹਨ।



www.AKJ.Org

# ਇਸ ਮਹੀਨੇ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਇਸ ਮਹੀਨੇ 'ਸੂਰਾ' ਮਾਸਕ ਪੱਤਰ ਦੇ ਜੋ ਨਵੇਂ ਮੈਂਬਰ ਬਣੇ ਹਨ ਉਨ੍ਹਾਂ ਦੇ ਸੌ ਸੌ ਰੁਪਏ ਪੰਜਾਬ ਸਿੰਧ ਬੈਂਕ, ਹਾਲ ਬਜ਼ਾਰ, ਅੰਮ੍ਰਿਤਸਰ ਵਿਚ ਜਮ੍ਹਾਂ ਕਰਾ ਕੇ, ਹੇਠ ਲਿਖੀਆ ਐਫ-ਡੀਆਂ ਬਣਵਾ ਦਿਤੀਆਂ ਗਈਆਂ ਹਨ :—

| | | | |
|---|---|---|---|
| 42. ਗਿਆਨੀ ਅਜੀਤ ਸਿੰਘ ਜੀ | (ਚਿਟ ਨੰ: 1392) | 399557-1656-75 | ਮਿਤੀ 27-11-75 |
| 43. ਸ: ਅਜੀਤ ਸਿੰਘ ਜੀ | ( ,, 770) | 399558-1657-75 | ,, |
| 44. *Cpl.* ਉਪਕਾਰ ਸਿੰਘ ਜੀ | ( ,, 174) | 399559-1658-75 | ,, |
| 45. ਸ: ਬੇਅੰਤ ਸਿੰਘ ਜੀ | ( ,, 1364) | 399560-1659-75 | ,, |
| 46. ਮਾਸਟਰ ਜਸਵੰਤ ਸਿੰਘ ਜੀ | ( ,, 945) | 399561-1660-75 | ,, |
| 47. ਡਾਕਟਰ ਦਰਸ਼ਨ ਸਿੰਘ ਜੀ | ( ,, 292) | 399562-1661-75 | ,, |
| 48. ਭਾਈ ਸਰਮੁਖ ਸਿੰਘ ਜੀ | ( ,, 1434) | 399563-1662-75 | ,, |
| 49. ਸ: ਹਰਨਾਮ ਸਿੰਘ ਜੀ | ( ,, 1530) | 399564-1663-75 | ,, |

ਅਮਾਨਤੀ ਲਾਈਫ ਮੈਂਬਰ ਦੇਸ ਲਈ . 100/— ਪਰਦੇਸ ਸਮੁੰਦਰੀ ਡਾਕ ਲਈ 250/—00

ਹਵਾਈ ਡਾਕ ਯੂ. ਕੇ. ਅਫ਼ਰੀਕਾ ਆਦਿ 650/— ਮਲਾਇਆ ਸਿੰਘਾਪੁਰ ਤੇ ਅਰਬ ਆਦਿ 500/—

ਇਹ ਰਕਮਾਂ ਗਾਹਕਾਂ ਦੀਆਂ ਰਹਿਣਗੀਆਂ, 'ਸੂਰਾ' ਪੱਤਰ ਨੇ ਚੰਦੇ ਵਜੋਂ ਕੇਵਲ ਸੂਦ ਹੀ ਲੈਣਾ ਹੈ।

---

## 'ਸੂਰਾ' ਮਾਸਕ ਪੱਤਰ ਨੂੰ ਸਹਾਇਤਾ

ਸ: ਮੋਹਨ ਸਿੰਘ ਜੀ ਕਾਨਪੁਰ ਵਲੋਂ ਆਪਣੇ ਸਪੁਤਰ ਹਰਜਿੰਦਰ ਸਿੰਘ ਦੇ ਅਨੰਦ ਕਾਰਜ ਸਮੇਂ  
ਸੰਗਤ ਪੂਹਲਾ ਵਲੋਂ ਭਾਈ ਅਮਰ ਸਿੰਘ ਜੀ ਦੇ ਅਕਾਲ ਚਲਾਣੇ ਦੇ ਭੋਗ ਸਮੇਂ  
ਭਾਈ ਸੂਰਤ ਸਿੰਘ ਪੂਰਨ ਜੀ ਅਤੇ ਕੀਰਤਨੀ ਬੀਬੀ ਭੁਪਿੰਦਰ ਕੌਰ ਜੀ ਵਲੋਂ  
ਭਾਈ ਪ੍ਰੀਤਮ ਸਿੰਘ ਜੀ ਮੂਸਾਪੁਰ ਵਲੋਂ ਬੱਚੀ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ  
ਸ: ਅਵਤਾਰ ਸਿੰਘ ਜੀ ਮੈਨਪੁਰੀ ਵਲੋਂ ਪਾਠ ਦੇ ਭੋਗ ਸਮੇਂ  
ਸ: ਅਰਜਨ ਸਿੰਘ ਜੀ ਐਕਸੀਐਨ ਚੰਡੀਗੜ੍ਹ ਵਲੋਂ  
ਸ: ਸਵਰਨ ਸਿੰਘ ਜੀ ਲੁਧਿਆਣਾ ਵਲੋਂ ਮੰਗਣੇ ਦੀ ਖ਼ੁਸ਼ੀ ਵਿਚ ੧.  
ਸ: ਪਰਤਾਪ ਸਿੰਘ ਜੀ ਚੰਧੋਕ ਦਿਲੀ ਵਲੋਂ ਬੱਚੀ ਦੇ ਅਨੰਦ ਕਾਰਜ ਦੀ ਖ਼ੁਸ਼ੀ ਵਿਚ ੨੫—੦੦  
ਮਾਨਯਵਰ ਬਾਊ ਮਲ ਸਿੰਘ ਜੀ ਤਰਨਤਾਰਨ ਵਲੋਂ ਪੋਤਰੀ ਦੇ ਅਨੰਦ ਕਾਰਜ ਦੀ ਸਫਲਤਾ ਵਿਚ ੪੦ ੦੦  
ਸ: ਮਲਕੀਅਤ ਸਿੰਘ ਜੀ ਬਚੂ (ਇੰਗਲੈਂਡ) ਵਲੋਂ ਆਪਣੇ ਤਾਇਆ ਸ: ਵਰਿਆਮ ਸਿੰਘ ਜੀ ਦੇ  
ਅਕਾਲ ਚਲਾਣੇ ਦੇ ਭੋਗ ਸਮੇਂ ੩੧੩—੨੫  
ਸ: ਗੁਰਨਾਮ ਸਿੰਘ ਜੀ ਇੰਗਲੈਂਡ ਵਲੋਂ ੮—੭੫

ਅਰਦਾਸ ਹੈ ਕਿ ਵਾਹਿਗੁਰੂ ਪਿਤਾ ਜੀ ਸਰਬਤ ਨੂੰ ਚੜ੍ਹਦੀਆਂ ਕਲਾਂ, ਚਰਨਾਂ ਦੀ ਪ੍ਰੀਤ ਅਤੇ ਸਿਖੀ ਸਿਦਕ ਬਖਸ਼ਣ।

www.AKJ.Org

# ਪੋਹ ਸੁਦੀ ਸਾਲਾਨਾ ਸਮਾਗਮ ਲੁਧਿਆਣਾ ਵਿਖੇ

## ੬ ਜਨਵਰੀ ਮੰਗਲਵਾਰ ਸਵੇਰ ਤੋਂ ੯ ਜਨਵਰੀ ੧੯੭੬ ਸਵੇਰ ਤਕ

ਸਤਿਗੁਰੂ ਪਾਤਸ਼ਾਹ ਦੀ ਅਪਾਰ ਕਿਰਪਾ ਸਦਕਾ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਦਾ ਅਵਤਾਰ-ਦਿਵਸ ਗੁਰਪੁਰਬ ਸਦਾ ਵਾਂਗ ਮਾਡਲ ਟਾਊਨ ਲੁਧਿਆਣਾ ਵਿਖੇ ਬੜੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਮਾਗਮ ਵਿਚ ਭਾਰਤ ਦੇ ਕੋਨੇ ਕੋਨੇ ਤੋਂ ਭਾਈ ਸਾਹਿਬ ਰਣਧੀਰ ਸਿੰਘਜੀਦੇਕੀਰਤਨੀ ਜਥੇ ਪੁਜ ਕੇ ਰਸ-ਭਿੰਨੇ ਕੀਰਤਨ ਦੁਆਰਾ ਨਿਹਾਲ ਕਰਨਗੇ। ਆਪ ਜੀ ਸਹਿਤ ਪਰਵਾਰਾਂ ਤੇ ਸਤਸੰਗੀਆਂ ਦੇ ਦੀਦਾਰੇ ਬਖ਼ਸ਼ੋ ਜੀ।

## ਪ੍ਰੋਗਰਾਮ

੬-੧-੭੬ ਸਵੇਰੇ ੫-੩੦ ਤੋਂ ੮-੦੦ ਕੀਰਤਨ ਉਪਰੰਤ ਅਰੰਭ ਸੀ ਅਖੰਡਖੰਡ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ
(ਮੰਗਲਵਾਰ) ਸ਼ਾਮ ੬-੩੦ ਤੋਂ ੯-੦੦ ਅਖੰਡ ਕੀਰਤਨ (ਭਾ: ਸਾ: ਰਣਧੀਰ ਸਿੰਘ ਕੀਰਤਨ ਹਾਲ ਵਿਖੇ) ,,
੭-੧-੭੬ ਸਵੇਰੇ ੬-੦੦ ਤੋਂ ੧੨-੦੦ ਕੀਰਤਨ ਆਸਾ ਦੀ ਵਾਰ ੭੯, ਮਾਡਲ ਟਾਊਨ
(ਬੁਧਵਾਰ) ਸ਼ਾਮ ੬-੩੦ ਤੋਂ ੯-੦੦ ਅਖੰਡ ਕੀਰਤਨ ਸ੍ਰੀ ਗੁਰੂ ਸਿੰਘ ਸਭਾ, ਨਿਊ ਮਾਡਲ ਟਾਊਨ
੮-੧-੭੬ ਸਵੇਰੇ ੬-੦੦ ਤੋਂ ੧-੦੦ ਭੋਗ ਸ੍ਰੀ ਅਖੰਡ ਪਾਠ ਉਪਰੰਤ ਅਖੰਡ ਕੀਰਤਨ ਸ੍ਰੀ ਗੁਰੂ ਸਿੰਘ ਸਭਾ,ਮਾਡਲਟਾਊਨ
(ਵੀਰਵਾਰ) ਸ਼ਾਮ ੭-੩੦ ਅਰਭ ਕੀਰਤਨ ਰੈਣ-ਸਬਾਈ (ਸਮਾਪਤੀ ਸਵੇਰ ਸਾਢੇ ਸਤ) ,,

**ਅੰਮ੍ਰਿਤ–ਸਿੰਚਾਰ**–੮ ਜਨਵਰੀ ਵੀਰਵਾਰ ਨੂੰ ਦੁਪਹਿਰੋਂ ਪਿਛੋਂ ਅਰੰਭ ਹੋਵੇਗਾ।

**ਨੋਟ** :–ਗੁਰੂ ਕਾ ਲੰਗਰ ੭੯ ਮਾਡਲ ਟਾਊਨ ਵਿਖੇ ਹੋਵੇਗਾ। (੨) ਬਿਸਤਰੇ ਜ਼ਰੂਰ ਲਿਆਉਣੇ ਜੀ।

ਪੁਛ ਗਿਛ ਲਈ–
ਬਲਬੀਰ ਸਿੰਘ. ੧੨੬ ਮਾਡਲ ਟਾਊਨ, ਲੁਧਿਆਣਾ
ਦਰਸ਼ਨ ਸਿੰਘ ੮/੯, ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ

ਦਰਸ਼ਨ ਅਭਿਲਾਖੀ ਦਾਸਰੇ–
**ਅਖੰਡ ਕੀਰਤਨੀ ਜੱਥਾ, ਲੁਧਿਆਣਾ**

---

## 'ਗੁਰਮਤਿ ਬਿਬੇਕ' ਪੁਸਤਕ ਛਪ ਗਈ

ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕ 'ਗੁਰਮਤਿ ਬਿਬੇਕ' ਨਵੇਂ ਸਿਰੇ ਸੁਧਾਈ ਹੋ ਕੇ ਵਡੇ ਸਾਈਜ਼ ਵਿਚ ਸੁੰਦਰ ਰੂਪ ਵਿਚ ਛਪ ਗਈ ਹੈ। ਭੇਟਾ ੭-੫੦

| | | | |
|---|---|---|---|
| ਹੋਰ ਪੁਸਤਕਾਂ–ਅੰਮ੍ਰਿਤ ਕੀ ਹੈ | ੨–੦੦ | ਗੁਰਮਤਿ ਰਮਜ਼ਾਂ | ੧–੩੦ |
| ਰੰਗਲੇ ਸਜਣ | ੩–੫੦ | ਗੁਰਮਤਿ ਸਚ ਨਿਰਣੇ | ੬–੦੦ |
| ਦਰਸ਼ਨ ਝਲਕਾਂ | ੨–੫੦ | ਅਨਹਦ ਸ਼ਬਦ ਦਸਮ ਦੁਆਰ | ੩–੫੦ |
| ਗੁਰਮਤਿ ਗੌਰਵਤਾ | ੭–੦੦ | ਝਟਕਾ ਮਾਸ ਪ੍ਰਥਾਇ ਤਤ ਨਿਰਣੇ | ੩–੦੦ |

ਇਨ੍ਹਾਂ ਤੋਂ ਇਲਾਵਾ ਹੋਰ ਪੁਸਤਕਾਂ ਜਿਉਂ ਜਿਉਂ ਛਪਦੀਆਂ ਜਾਣਗੀਆਂ, ਇਤਲਾਹ ਦਿੰਦੇ ਜਾਵਾਂਗੇ।

www.AKJ.Org